Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 18 * Issue 03 | Daily Newspaper Monday, January 07, 2019 | Tel: 905-793-2202 Fax: 905-793-2282 news@punjabipost.ca

## ਦੋਨਾਂ ਕੈਨੇਡੀਅਨਾਂ ਦੀ ਰਿਹਾਈ ਲਈ ਅਹਿਤਿਆਤ ਨਾਲ ਚੀਨ ਨਾਲ ਗੱਲ ਕਰਾਂਗੇ : ਡੇਅ

ਓਟਵਾ, 6 ਜਨਵਰੀ (ਪੋਸਟ ਬਿਊਰੋ) : ਚੀਨ ਜਾਣ ਵਾਲੇ ਕੈਨੇਡਾ ਦੇ ਪਾਰਲੀਆਮੈਂਟਰੀ ਵਫਦ ਦੀ ਅਗਵਾਈ ਕਰ ਰਹੇ ਲਿਬਰਲ ਸੈਨੇਟਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਗਰੁੱਪ ਉੱਥੇ ਨਜ਼ਰਬੰਦ ਕੀਤੇ ਗਏ ਦੋਵਾਂ ਕੈਨੇਡੀਅਨਾਂ ਦੀ ਰਿਹਾਈ ਲਈ ਬਹੁਤ ਹੀ ਸਾਵਧਾਨੀ ਨਾਲ ਗੱਲ ਕਰੇਗਾ।



ਸੈਨੇਟਰ ਜੋਸਫ ਡੇਅ ਨੇ ਆਖਿਆ ਕਿ ਚੀਨੀ ਕਾਨੂੰਨ ਘਾੜਿਆਂ ਨਾਲ ਸਿੱਧੇ ਤੌਰ ਉੱਤੇ ਗੱਲ ਕਰਨਾ ਬਹੁਤ ਹੀ ਮੁਸ਼ਕਲ ਹੈ ਪਰ ਉਨ੍ਹਾਂ ਦਾ ਗਰੁੱਪ ਮਾਈਕਲ ਕੋਵਰਿੱਗ ਤੇ ਮਾਈਕਲ ਸਪੇਵਰ ਨੂੰ ਨੁਕਸਾਨ ਨਹੀਂ ਪਹੁੰਚਣ ਦੇਣਾ ਚਾਹੁੰਦਾ। ਸ਼ੁੱਕਰਵਾਰ ਨੂੰ ਚੀਨ ਰਵਾਨਾ ਹੋਣ ਤੇ ਮਾਂਟਰੀਅਲ ਤੋਂ ਜਹਾਜ਼ ਉੱਤੇ ਸਵਾਰ ਹੋਣ ਤੋਂ ਪਹਿਲਾਂ ਡੇਅ ਨੇ ਫੋਨ ਉੱਤੇ ਮੀਡੀਆ ਨੂੰ ਦੱਸਿਆ ਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਾਂਗੇ ਕਿ ਦੋਵਾਂ ਕੈਨੇਡੀਅਨਾਂ ਨੂੰ ਬਿਨਾਂ ਨੁਕਸਾਨ ਦੇ ਰਿਹਾਅ ਕਰ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਦੋਵਾਂ ਮੁਲਕਾਂ ਵਿੱਚ ਵੱਖੋ ਵੱਖਰੇ ਕਾਨੂੰਨ ਹੋ ਸਕਦੇ ਹਨ ਪਰ ਅਸੀਂ ਮੌਲਿਕ ਅਧਿਕਾਰਾਂ ਨੂੰ ਆਧਾਰ ਬਣਾ ਕੇ ਗੱਲ ਕਰਾਂਗੇ। ਨਿਊ ਬਰੰਜ਼ਵਿੱਕ ਦੇ ਇਸ ਸੈਨੇਟਰ ਨੇ ਆਖਿਆ ਕਿ ਇੱਕ ਮੌਲਿਕ ਅਧਿਕਾਰ ਤਾਂ ਇਹੋ ਹੈ ਕਿ ਜੇ ਉਨ੍ਹਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਤਾਂ ਉਨ੍ਹਾਂ ਨੂੰ ਨੁਮਾਇੰਦਗੀ ਦਾ ਅਧਿਕਾਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਖਿਰਕਾਰ ਉਨ੍ਹਾਂ ਦੀ ਗਲਤੀ ਕੀ ਹੈ ਤੇ ਉਹ ਆਪਣਾ ਬਚਾਅ ਕਿਸ ਤਰ੍ਹਾਂ ਕਰ ਸਕਦੇ ਹਨ। ਪਿਛਲੇ ਮਹੀਨੇ ਉਨ੍ਹਾਂ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਲੈ ਕੇ ਹੁਣ ਤੱਕ ਸਿਰਫ ਇੱਕ ਵਾਰੀ ਚੀਨ ਵਿੱਚ ਕੈਨੇਡਾ ਦੇ ਅੰਬੈਸਡਰ ਨੂੰ ਉਨ੍ਹਾਂ ਨਾਲ ਮਿਲਣ ਦਿੱਤਾ ਗਿਆ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਅਮਰੀਕਾ ਦੀ ਬੇਨਤੀ ਉੱਤੇ ਕੈਨੇਡਾ ਵੱਲੋਂ ਚੀਨ ਦੀ ਹਾਈ-ਟੈਕ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕਰ ਲਏ ਜਾਣ ਦੇ ਸਬੰਧ ਵਿੱਚ ਬਦਲਾਲਊ ਕਾਰਵਾਈ ਕਰਦਿਆਂ ਹੋਇਆਂ ਇਨ੍ਹਾਂ ਦੋਵਾਂ ਕੈਨੇਡੀਅਨ ਨਾਗਰਿਕਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ। ਚੀਨੀ ਸਰਕਾਰ ਦਾ ਕਹਿਣਾ ਹੈ ਕਿ ਦੋਵਾਂ ਨੂੰ ਨੈਸ਼ਨਲ ਸਕਿਊਰਿਟੀ ਨੂੰ ਖਤਰੇ ਦੇ ਅਧਾਰ ਉੱਤੇ ਗ੍ਰਿਫਤਾਰ ਕੀਤਾ ਗਿਆ ਹੈ। ਇਹ ਵੀ ਆਖਿਆ ਗਿਆ ਕਿ ਉਨ੍ਹਾਂ ਨੇ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕੀਤੀ ਹੈ ਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਟੋਰਾਂਟੋ ਦੀ ਕੁਈਨ ਸਟਰੀਟ ਉਤੇ ਚੱਲੀ ਗੋਲੀ, ਦੋ ਜ਼ਖ਼ਮੀ

ਟੋਰਾਂਟੋ, 6 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਬੀਚਿਜ਼ ਇਲਾਕੇ ਵਿੱਚ ਐਤਵਾਰ ਦੁਪਹਿਰ ਨੂੰ ਚੱਲੀ ਗੋਲੀ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਸ ਮਗਰੋਂ ਇਲਾਕਾ ਵਾਸੀਆਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ ਤੇ ਟੋਰਾਂਟੋ ਦੇ ਇਸ ਪੂਰਬੀ ਹਿੱਸੇ ਵਿੱਚ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ ਹਥਿਆਰਬੰਦ ਅਧਿਕਾਰੀ ਘਟਨਾ ਵਾਲੀ ਥਾਂ ਉੱਤੇ ਪਹੁੰਚੇ।





ਟੋਰਾਂਟੋ ਪੁਲਿਸ ਨੇ ਆਖਿਆ ਕਿ ਇਸ ਗੋਲੀਕਾਂਡ ਦੇ ਸਬੰਧ ਵਿੱਚ ਉਨ੍ਹਾਂ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਗੋਲੀ ਵੁੱਡਬਾਈਨ ਐਵਨਿਊ ਦੇ ਪੱਛਮ ਵੱਲ ਕੁਈਨ ਸਟਰੀਟ ਈਸਟ ਉੱਤੇ ਦੁਪਹਿਰੇ 2:40 ਉੱਤੇ ਚੱਲੀ। ਟੋਰਾਂਟੋ ਪੁਲਿਸ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਜਾਂਚਕਾਰਾਂ ਨੂੰ ਮੌਕੇ ਤੋਂ ਤਿੰਨ ਹਥਿਆਰ ਵੀ ਬਰਾਮਦ ਹੋਏ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਦੋਵੇਂ ਜ਼ਖ਼ਮੀ ਵਿਅਕਤੀ ਹੋਸ਼ ਵਿੱਚ ਸਨ। ਚਸ਼ਮਦੀਦਾਂ ਅਨੁਸਾਰ ਦੋਵਾਂ ਜ਼ਖ਼ਮੀਆਂ ਨੂੰ ਵਾਈਨ ਰੈਕ ਨਾਂ ਦੇ ਸਟੋਰ ਵਿੱਚੋਂ ਪੈਰਾਮੈਡਿਕਸ ਵੱਲੋਂ ਸਟਰੇਚਰ ਉੱਤੇ ਪਾ ਕੇ ਬਾਹਰ ਲਿਆਂਦਾ ਗਿਆ। ਇੱਕ ਨੇੜਲੇ ਸਟੋਰ ਲਿਵਿੰਗ ਲਾਈਟਿੰਗ ਵਿੱਚ ਕੰਮ ਕਰਨ ਵਾਲੀ ਗਲੋਰੀਆ ਫਲੇਮਿੰਗ ਨੇ ਦੱਸਿਆ ਕਿ ਇੱਕ ਜ਼ਖ਼ਮੀ ਵਿਅਕਤੀ ਦੇ ਸਿਰ ਉੱਤੇ ਕਾਫੀ ਪੱਟੀਆਂ ਕੀਤੀਆਂ ਹੋਈਆਂ ਸਨ ਜਦੋਂ ਉਸ ਨੂੰ ਸਟੋਰ ਤੋਂ ਬਾਹਰ ਕੱਢਿਆ ਗਿਆ।

ਪੁਲਿਸ ਦਾ ਮੰਨਣਾ ਹੈ ਕਿ ਗੋਲੀ ਉਦੋਂ ਚੱਲੀ ਜਦੋਂ ਘਟਨਾ ਦੇ ਸ਼ਿਕਾਰ ਦੋਵੇਂ ਵਿਅਕਤੀ ਇੱਕ ਗੱਡੀ ਵਿੱਚ ਸਨ ਪਰ ਜਦੋਂ ਪੈਰਾਮੈਡਿਕਸ ਪਹੁੰਚੇ ਉਸ ਸਮੇਂ ਉਹ ਕਾਰ ਤੋਂ ਬਾਹਰ ਸਨ। ਫਲੇਮਿੰਗ ਨੇ ਦੱਸਿਆ ਕਿ ਪਹਿਲਾਂ ਮੌਕੇ ਉੱਤੇ ਇੱਕ ਐਂਬੂਲੈਂਸ ਪਹੁੰਚੀ ਤੇ ਉਸ ਤੋਂ ਕੁੱਝ ਦੇਰ ਬਾਅਦ ਹੀ ਆਟੋਮੈਟਿਕ ਹਥਿਆਰਾਂ ਨਾਲ ਲੈਸ ਘੱਟੋ ਘੱਟ ਸੱਤ ਟੈਕਟੀਕਲ ਅਧਿਕਾਰੀ ਉੱਥੇ ਪਹੁੰਚੇ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਪਹਿਲਾਂ ਤਾਂ ਦੋਵੇਂ ਮਸ਼ਕੂਕ ਉੱਥੋਂ ਭੱਜ ਨਿਕਲੇ ਪਰ ਬਾਅਦ ਵਿੱਚ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ।

Happy Lohri
ਲੋਹੜੀ ਖੁਸ਼ੀਆਂ ਲੈ ਕੇ ਆਈ
ਵੰਡੋ ਸਾਰਿਆਂ ਨੂੰ ਮਠਿਆਈ
ਇਸ ਲੋਹੜੀ ਤੇ ਆਪਣੀ ਤੇ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਭਰੀ ਤਸਵੀਰਾਂ ਸਾਡੇ ਅਖਬਾਰ ਵਿੱਚ ਲਵਾਉ ਤੇ ਆਪਣੇ ਪਿਆਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਵੋ
ਪੰਜਾਬੀ ਪੋਸਟ
ਕਾਲ ਕਰੋ: 905-793-2202
ਜਾਂ ਇ-ਮੇਲ ਕਰੋ: new@punjabipost.ca

### ਅੰਦਰ ਪੜ੍ਹੋ

ਰਾਮ ਰਹੀਮ ਦੀ ਪੇਸ਼ੀ ਤੋਂ ਪਹਿਲਾਂ ਡੇਰੇ ਦੁਆਲੇ ਸੁਰੱਖਿਆ ਦਾ ਘੇਰਾ ਸਖ਼ਤ



ਪੰਨਾ 3

ਸੁਖਪਾਲ ਸਿੰਘ ਖਹਿਰਾ ਵੱਲੋਂ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ



ਪੰਨਾ 4

## ਕਿਊਬਿਕ ਤੋਂ ਲਾਪਤਾ ਮਹਿਲਾ ਦੀ ਮਾਂ ਨੂੰ ਉਸ ਦੇ ਸਹੀ ਸਲਾਮਤ ਮਿਲਣ ਦੀ ਆਸ



ਕਿਊਬਿਕ, 6 ਜਨਵਰੀ (ਪੋਸਟ ਬਿਊਰੋ) : ਬੁਰਕੀਨਾ ਫਾਸੋ ਵਿੱਚ ਲਾਪਤਾ ਹੋਈ ਕਿਊਬਿਕ ਦੀ ਮਹਿਲਾ ਦੀ ਮਾਂ ਨੂੰ ਪੂਰੀ ਆਸ ਹੈ ਕਿ ਉਸ ਦੀ ਧੀ ਤੇ ਉਸ ਦਾ ਬੁਆਏਫਰੈਂਡ ਸਹੀ ਸਲਾਮਤ ਮਿਲ ਜਾਣਗੇ। ...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axcel Insurance Brokers Ltd.

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

## A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

**For Further Information Contact: 6476253344**

## NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare — ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## NEED A LAWYER ??
## KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

**Tel : 905-454-0099**
Fax: 905-454-2234
2575 Steeles Ave. E., Unit 1,Brampton, ON L6T 5T1

## SimConnect FREIGHT MANAGEMENT
## HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

**Ph: (905)915-1805/(905)799-8822**
3380 Airway Dr Mississauga Ontario L4T1V3

## chatr MOBILE

NEW

# NATION-WIDE
TALK, TEXT & DATA PLANS
FROM
# $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING. CHATRMOBILE.COM

VISIT OUR LOCATIONS TODAY!

379 Main St. North, Brampton, ON — 2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਉੱਤਰ ਪ੍ਰਦੇਸ਼ ਵਿੱਚ ਗਿਆ ਹੈ ਵੱਜ ਸੌਦਾ,
ਭੂਆ-ਭਤੀਜ ਤਾਂ ਕਰ ਲਿਆ ਜੋੜ ਮੀਆਂ।
ਆਪਸ ਵਿੱਚ ਹੀ ਲਈਆਂ ਸੀ ਵੰਡ ਸੀਟਾਂ,
ਸਮਝੀ ਕਿਸੇ ਦੀ ਕੋਈ ਨਹੀਂ ਲੋੜ ਮੀਆਂ।
ਪਹੁੰਚੇ ਰਾਹੁਲ ਦੇ ਦਿੱਲੀ ਤੋਂ ਦੂਤ ਜਿਹੜੇ,
ਉਹਨੀਂ ਪੈਰੀਂ ਉਹ ਦਿੱਤੇ ਨੇ ਮੋੜ ਮੀਆਂ।
ਫਸ ਗਏ ਬਾਹਲੇ ਕਸੂਤੇ ਈ ਕਾਂਗਰਸੀਏ,
ਔਖਾ ਜੁੜਨ ਤੇ ਸਕਣ ਨਹੀਂ ਛੋੜ ਮੀਆਂ।
ਅੰਦਰਖਾਤੇ ਦੀ ਬਣਤ ਕੁਝ ਹੋਰ ਸੁਣਦੀ,
ਗੁੰਦਵੀਂ ਚੱਲੀ ਸ਼ਤਰੰਜੀ ਹੈ ਚਾਲ ਮੀਆਂ।
ਘੇਰਾ ਘੱਤਣ ਲਈ ਸੁਣੀਂਦਾ ਭਾਜਪਾ ਨੂੰ,
ਦਿਸ਼ਾਵਾਂ ਵੰਡ ਕੇ ਸੁੱਟਿਆ ਜਾਲ ਮੀਆਂ।

ਤੀਸ ਮਾਰ ਖਾਂ

# ਬਾਦਲ ਪਿੰਡ ਦੇ ਕਾਲਜ ਨੂੰ ਨਿਯਮ ਉਲੰਘ ਕੇ ਮਾਨਤਾ ਦਿੱਤੀ ਗਈ

ਚੰਡੀਗੜ੍ਹ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਵਿਚਲੇ ਇਕ ਪ੍ਰਾਈਵੇਟ ਕਾਲਜ ਨੂੰ ਮਾਨਤਾ ਦੇਣ ਲਈ ਗੁਰੂ ਅੰਗਦ ਦੇਣ ਵੈਟਰਨਰੀ ਤੇ ਐਨੀਮਲ ਸਾਇੰਸ ਯੂਨੀਵਰਸਿਟੀ (ਗਡਵਾਸੂ) ਨੇ ਇਕ ਵਾਰ ਨਹੀਂ, ਦੋ ਵਾਰ ਆਪਣੇ ਹੀ ਨਿਯਮਾਂ ਨੂੰ ਉਲੰਘਿਆ ਹੈ। ਇਸ ਦਾ ਖੁਲਾਸਾ ਕੰਟਰੋਲਰ ਤੇ ਆਡੀਟਰ ਜਨਰਲ ਵੱਲੋਂ ਜਾਰੀ ਕੀਤੀ ਰਿਪੋਰਟ ਵਿੱਚ ਹੋਇਆ ਹੈ ਕਿ ਮੁਕਤਸਰ ਜ਼ਿਲੇ ਦੇ ਬਾਦਲ ਪਿੰਡ ਦੇ ਬਾਬਾ ਹੀਰਾ ਦਾਸ ਕਾਲਜ ਆਫ ਵੈਟਰਨਰੀ ਫਾਰਮੇਸੀ ਨੂੰ ਮਾਨਤਾ ਦੇਣ ਲਈ ਗਡਵਾਸੂ ਨੇ ਇਕ ਨਹੀਂ, ਦੋ ਵਾਰ ਆਪਣੇ ਨਿਯਮਾਂ ਦੀ ਅਣਦੇਖੀ ਕੀਤੀ ਹੈ। ਇਸ ਰਿਪੋਰਟ ਅਨੁਸਾਰ ਵੈਟਰਨਰੀ ਸਾਇੰਸ ਤੇ ਐਨੀਮਲ ਹੈਲਥ ਟੈਕਨਾਲੋਜੀ ਦੇ ਡਿਪਲੋਮੇ ਲਈ ਯੂਨੀਵਰਸਿਟੀ ਨਿਯਮਾਂ ਹੇਠ ਲੋੜੀਂਦੇ ਸਟਾਫ ਦੀਆਂ ਸ਼ਰਤਾਂ ਪੂਰੀਆਂ ਹੋਣ ਤੋਂ ਬਾਅਦ ਹੀ ਕਿਸੇ ਕਾਲਜ ਨੂੰ ਇਕ ਹੱਦ ਤੱਕ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ, ਪਰ ਗਡਵਾਸੂ ਨੇ ਨਵੰਬਰ 2014 ਵਿੱਚ ਅਤੇ ਫਿਰ ਮਈ 2016 ਵਿੱਚ ਦੋ ਵਾਰ ਨਿਯਮਾਂ ਨੂੰ ਤੋੜ ਕੇ ਬਾਬਾ ਹੀਰਾ ਦਾਸ ਕਾਲਜ ਆਫ ਵੈਟਰਨਰੀ ਫਾਰਮੇਸੀ ਨੂੰ ਨਵੇਂ ਵਿਦਿਆਰਥੀ ਦਾਖਲ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਇਸ ਕਾਲਜ ਨੂੰ ਪਹਿਲਾਂ ਨਵੰਬਰ ਸਾਲ 2014 ਵਿੱਚ ਵੈਟਰਨਰੀ ਸਾਇੰਸ ਐਂਡ ਐਨੀਮਲ ਹੈਲਥ ਟੈਕਨਾਲੋਜੀ ਵਿੱਚ ਡਿਪਲੋਮੇ ਵਿੱਚ 60 ਵਿਦਿਆਰਥੀਆਂ ਨੂੰ ਇਕ ਸਾਲ ਲਈ ਦਾਖਲਾ ਦੇਣ ਦੀ ਇਜਾਜ਼ਤ ਦਿੱਤੀ ਗਈ ਤੇ ਇਸ ਦੇ ਨਾਲ ਕਾਲਜ ਨੂੰ 2015-16 ਦਾ ਸੈਸ਼ਨ ਆਰੰਭ ਹੋਣ ਤੋਂ ਪਹਿਲਾਂ ਬੁਨਿਆਦੀ ਢਾਂਚਾ ਅਤੇ ਮਨੁੱਖੀ ਸਰੋਤਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਿਹਾ ਗਿਆ ਸੀ। ਇਸ ਤੋਂ ਬਾਅਦ ਕਾਲਜ ਪ੍ਰਬੰਧਕਾਂ ਨੇ 2016-17 ਲਈ ਸੀਟਾਂ ਦੀ ਗਿਣਤੀ 60 ਤੋਂ ਵਧਾ ਕੇ 100 ਕਰਨ ਦੀ ਮੰਗ ਕੀਤੀ, ਜਿਸ 'ਤੇ ਯੂਨੀਵਰਸਿਟੀ ਨੇ ਮਈ 2016 'ਚ ਸਹੂਲਤਾਂ ਦੀ ਜਾਂਚ ਕਰਕੇ ਸੀਟਾਂ ਵਧਾਉਣ ਦੀ ਮੰਗ ਰੱਦ ਕਰ ਦਿੱਤੀ। ਇਸ ਤੋਂ ਬਾਅਦ ਅਗਸਤ 2016 'ਚ ਕੀਤੀ ਜਾਂਚ ਵਿੱਚ ਵੀ ਸਹੂਲਤਾਂ ਵਿੱਚ ਕਮੀ ਨਿਕਲੀ, ਪ੍ਰੰਤੂ ਯੂਨੀਵਰਸਿਟੀ ਨੇ ਕਾਲਜ ਨੂੰ ਸੀਟਾਂ ਦੀ ਗਿਣਤੀ 60 ਤੋਂ ਵਧਾ ਕੇ 80 ਕਰਨ ਦੀ ਪ੍ਰੋਵੀਜ਼ਨਲ ਮਨਜ਼ੂਰੀ ਦੇ ਦਿੱਤੀ। ਵਰਨਣ ਯੋਗ ਹੈ ਕਿ ਕਾਲਜ ਨੂੰ ਮਿਲੀਆਂ ਇਨ੍ਹਾਂ ਮਨਜ਼ੂਰੀਆਂ ਦੇ ਸਮੇਂ 'ਚ ਰਾਜ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਭਾਜਪਾ ਗੱਠਜੋੜ ਸਰਕਾਰ ਹੁੰਦੀ ਸੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
19 Woodbine Downs Blvd unit#201 Etobicoke ON M9W 6N5
The Mortgage Centre Est. 1989
We bring Canada's leading lenders to you. Lic # 10584
I direct Mortgages Inc.
Call now: 416-674-8035
416-674-7050
Fax: 416-674-9009
WE HELP YOU START GROW AND SUCCEED
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਉ
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, and 2nd Mortgages Available !
ALL IN ONE LOW MONTHLY PAYMENT !
ਕੀ ਤੁਸੀਂ ਚਾਹੁੰਦੇ ਹੋ?
• ਆਪਣੇ ਸਾਰੇ ਕਰੈਡਿਟ ਕਾਰਡਾਂ ਬਿਲਾਂ ਅਤੇ ਕਰਜ਼ਿਆਂ ਨੂੰ ਇਕੋ ਵਾਰ ਚੁਕਾਉਣਾ
• ਪਹਿਲੀ ਅਤੇ ਦੂਜੀ ਮੋਰਗੇਜ ਨੂੰ ਇਕੱਠਾ ਕਰਨਾ
• ਆਪਣੀ ਘਰ ਦੀ ਮੁਰੰਮਤ ਨੂੰ ਫਾਇਨੈਂਸ ਕਰਾਉ
• ਆਪਣੀ ਮੋਰਗੇਜ ਨੂੰ ਘੱਟ ਰੇਟਾਂ ਤੇ ਰੀਨਿਊ ਕਰਾਉ
SELF-EMPLOYED OR UN-EMPLOYED
Some Conditions Apply
Each Mortgage Centre is independently owned and operated.
ਜਿਆਦਾ ਵਿਆਜ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜ਼ਾ ਚੁਕਾਉ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Jaspal Singh Gahunia
# M08006400
416-677-0047

# ਰਾਮ ਰਹੀਮ ਦੀ ਅਗਲੀ ਪੇਸ਼ੀ ਤੋਂ ਪਹਿਲਾਂ ਡੇਰੇ ਦੁਆਲੇ ਸੁਰੱਖਿਆ ਦਾ ਘੇਰਾ ਸਖ਼ਤ

### * 'ਨਾਮ ਚਰਚਾ' ਵੀ ਕੁਝ ਦਿਨ ਬੰਦ ਰੱਖਣ ਦੇ ਸੰਕੇਤ



ਸਿਰਸਾ, 6 ਜਨਵਰੀ, (ਪੋਸਟ ਬਿਊਰੋ)- ਹਰਿਆਣਾ ਦੇ ਇਸ ਜ਼ਿਲਾ ਕੇਂਦਰ ਵਾਲੇ ਸ਼ਹਿਰ ਵਿੱਚ ਅੱਜ ਦੁਪਹਿਰ ਬਾਅਦ ਡੇਰਾ ਸੱਚਾ ਸੌਦਾ ਦੇ ਮੁੱਖ ਕੇਂਦਰ ਦੇ ਦੁਆਲੇ ਵੱਡੀ ਗਿਣਤੀ ਵਿਚ ਪੁਲਿਸ ਤੇ ਅਰਧ ਫੌਜੀ ਦਸਤੇ ਲਾ ਦਿਤੇ ਗਏ ਤੇ ਡੇਰੇ ਦੇ ਅੰਦਰ ਜਾਂ ਬਾਹਰ ਜਾਣ ਵਾਲੇ ਹਰ ਵਿਅਕਤੀ ਉੱਤੇ ਨਜ਼ਰ ਰੱਖੀ ਜਾਣ ਲੱਗ ਪਈ ਹੈ। ਪਤਾ ਲੱਗਾ ਹੈ ਕਿ ਡੇਰਾ ਪ੍ਰਬੰਧਕਾਂ ਨੂੰ ਕਿਹਾ ਗਿਆ ਹੈ ਕਿ ਅਗਲੇ ਦਿਨਾਂ ਵਿਚ ਕੋਈ ਵੀ ਮੀਟਿੰਗ ਜਾਂ ਪ੍ਰੋਗਰਾਮ ਨਾ ਕੀਤਾ ਜਾਵੇ।

ਇਸ ਚਰਚਿਤ ਤੇ ਵਿਵਾਦਤ ਡੇਰੇ ਦੇ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਡੇਰਾ ਪ੍ਰਬੰਧਕਾਂ ਨੇ ਹੇਠਾਂ ਹਰ ਪੱਧਰ ਦੇ ਆਪਣੇ ਕਾਰਕੁਨਾਂ ਨੂੰ ਕੋਈ ਸਮਾਜੀ ਜਾਂ ਧਾਰਮਿਕ ਇਕੱਠ ਕਰਨੋਂ ਰੋਕ ਦਿਤਾ ਹੈ। ਪਤਾ ਲੱਗਾ ਕਿ ਸਿਰਸਾ ਸ਼ਹਿਰ ਦੇ ਨਾਲ ਹੀ ਹਰਿਆਣਾ ਤੇ ਪੰਜਾਬ ਦੇ ਹੋਰ ਸ਼ਹਿਰਾਂ ਅਤੇ ਕਸਬਿਆਂ ਵਿਚ ਬਣੇ ਹੋਏ ਡੇਰਿਆਂ ਵਿਚ ਸਵੇਰੇ ਸ਼ਾਮ ਦੀ 'ਨਾਮ ਚਰਚਾ' ਦੇ ਪ੍ਰੋਗਰਾਮ ਵੀ ਕੁਝ ਦਿਨਾਂ ਲਈ ਰੋਕ ਦਿਤੇ ਗਏ ਹਨ। ਡੇਰੇ ਦੇ ਅੰਦਰੂਨੀ ਸੂਤਰਾਂ ਨੂੰ ਇਹ ਪੁੱਛਣ ਉੱਤੇ ਕਿ ਇਸ ਤਰ੍ਹਾਂ ਨਾਮ-ਚਰਚਾ ਕਿਉਂ ਬੰਦ ਕੀਤੀ ਗਈ ਹੈ, ਉਹ ਕੁਝ ਵੀ ਦੱਸਣ ਤੋਂ ਇਨਕਾਰ ਕਰਦੇ ਹਨ।

ਵਰਨਣ ਯੋਗ ਹੈ ਕਿ ਰੋਹਤਕ ਦੀ ਸੋਨਾਰੀਆ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਉੱਤੇ ਚੱਲ ਰਹੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲ ਕੇਸ ਬਾਰੇ ਪੰਚਕੂਲਾ ਵਾਲੀ ਸੀ ਬੀ ਆਈ ਕੋਰਟ ਨੇ 11 ਜਨਵਰੀ ਨੂੰ ਫੈਸਲਾ ਦੇਣਾ ਹੈ। ਪਿਛਲੇ ਬੁਧਵਾਰ ਇਸ ਕੇਸ ਦੀ ਬਹਿਸ ਖਤਮ ਹੋ ਗਈ ਸੀ ਅਤੇ ਇਸ ਕੇਸ ਦਾ ਫੈਸਲਾ ਵੀ ਡੇਰਾ ਮੁਖੀ ਰਾਮ ਰਹੀਮ ਨੂੰ ਪਹਿਲੇ ਕੇਸ ਵਿਚ ਸਜ਼ਾ ਦੇਣ ਵਾਲੇ ਜੱਜ ਵਲੋਂ ਹੀ ਸੁਣਾਇਆ ਜਾਣਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਅਖਿਲੇਸ਼ ਵੱਲੋਂ ਦੋਸ਼: ਸਿਆਸੀ ਗੱਠਜੋੜ ਰੋਕਣ ਲਈ ਸੀ ਬੀ ਆਈ ਨੂੰ ਵਰਤਿਆ ਜਾ ਰਿਹੈ



ਲਖਨਊ, 6 ਜਨਵਰੀ, (ਪੋਸਟ ਬਿਊਰੋ)- ਨਾਜਾਇਜ਼ ਖਾਣਾਂ ਦੀ ਖੁਦਾਈ ਦੇ ਕੇਸ ਵਿਚ ਹੋ ਰਹੀ ਜਾਂਚ ਬਾਰੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਭਾਜਪਾ ਦੇ ਨਾਲ ਕਾਂਗਰਸ ਨੂੰ ਵੀ ਭੰਡਿਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਜਾਂਚ ਲਈ ਤਿਆਰ ਹਨ ਤੇ ਹਰ ਸਵਾਲ ਦਾ ਜਵਾਬ ਦੇਣਗੇ ਅਤੇ ਦੋਸ਼ ਲਾਇਆ ਕਿ ਪਹਿਲਾਂ ਕਾਂਗਰਸ ਨੇ ਸੀ ਬੀ ਆਈ ਨੂੰ ਇਸ ਕੰਮ ਲਈ ਵਰਤਿਆ ਸੀ, ਅੱਜ ਕੱਲ੍ਹ ਭਾਜਪਾ ਇਹ ਮੌਕਾ ਵਰਤ ਰਹੀ ਹੈ।

ਅਖਿਲੇਸ਼ ਸਿੰਘ ਨੇ ਕਿਹਾ ਕਿ ਅਸੀਂ ਪਾਰਲੀਮੈਂਟ ਵਿੱਚ ਮੈਥ ਸੁਧਾਰਨ ਦੇ ਲਈ ਗੱਠਜੋੜ ਕਰ ਰਹੇ ਹਾਂ, ਪਰ ਸਾਡਾ ਵਿਰੋਧ ਕਰਨ ਵਾਲਿਆਂ ਕੋਲ ਸੀ ਬੀ ਆਈ ਹੈ। ਅੱਜ ਐਤਵਾਰ ਨੂੰ ਪਾਰਟੀ ਦਫਤਰ ਵਿਚ ਮੀਡੀਆ ਨਾਲ ਗੱਲ ਕਰਦੇ ਹੋਏ ਅਖਿਲੇਸ਼ ਨੇ ਕਿਹਾ ਕਿ ਜਿਹੜਾ ਸਿਆਸੀ ਸੱਭਿਆਚਾਰ ਭਾਜਪਾ ਛੱਡ ਕੇ ਜਾਵੇਗੀ, ਖੁਦ ਉਸ ਨੂੰ ਅਗਲੇ ਸਮੇਂ ਵਿਚ ਇਸ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਨੇ ਆਪਣਾ ਰੰਗ ਵਿਖਾਇਆ ਹੈ, ਉਸ ਕੋਲ ਜੋ ਹੈ, ਚੋਣ ਵਿਚ ਉਸ ਦੀ ਵਰਤੋਂ ਉਹ ਕਰੇਗੀ, ਸੀ ਬੀ ਆਈ ਦੀ ਵਰਤੋਂ ਉਹ ਬੇਸ਼ੱਕ ਕਰਦੀ ਰਹੇ ਜਾਂ ਪੈਸੇ ਦੀ, ਪਰ ਉਸ ਦੇ ਆਗੂ ਇਹ ਗੱਲ ਸਮਝ ਲੈਣ ਕਿ ਵੋਟਾਂ ਜਨਤਾ ਪਾਉਂਦੀ ਹੈ, ਸੀ ਬੀ ਆਈ ਨਹੀਂ। ਅਖਿਲੇਸ਼ ਸਿੰਘ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਇਸ ਵੇਲੇ ਭਾਜਪਾ ਦਾ ਸਿਖਾਇਆ ਫਾਰਮੂਲਾ ਹੀ ਵਰਤਦੀ ਪਈ ਹੈ, ਭਾਜਪਾ ਨੇ ਕਿੰਨੇ ਗੱਠਜੋੜ ਕੀਤੇ ਹਨ, ਗਿਣਤੀ ਕਰੋ, ਹਰ ਰਾਜ ਵਿਚ ਪਤਾ ਨਹੀਂ ਕਿ ਕਿੰਨੇ ਗੱਠਜੋੜ ਕੀਤੇ, ਤੋੜੇ ਅਤੇ ਛੱਡੇ ਹੋਏ ਮਿਲ ਜਾਣਗੇ।

ਨਾਜਾਇਜ਼ ਮਾਈਨਿੰਗ ਕੇਸ ਵਿੱਚ ਸੀਨੀਅਰ ਆਈ ਏ ਐੱਸ ਅਫਸਰ ਬੀ. ਚੰਦਰਕਲਾ ਸਮੇਤ 11 ਜਣਿਆਂ ਉੱਤੇ ਕੇਸ ਦਰਜ ਹੋਣ ਦੇ ਕਾਰਨ ਸੀ ਬੀ ਆਈ ਜਾਂਚ ਦੀ ਲਪੇਟ ਵਿਚ ਆਏ ਦੱਸੇ ਗਏ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਭਾਜਪਾ ਉੱਤੇ ਹਮਲਾ ਕਰਦੇ ਹੋਏ ਕਾਂਗਰਸ ਨੂੰ ਵੀ ਨਹੀਂ ਛੱਡਿਆ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਾਂਗਰਸ ਨੇ ਇਹੋ ਕੁਝ ਕੀਤਾ ਸੀ, ਅੱਜ ਭਾਜਪਾ ਸੀ ਬੀ ਆਈ ਜਾਂਚ ਕਰਵਾ ਰਹੀ ਹੈ। ਅਖਿਲੇਸ਼ ਨੇ ਸਿੱਧਾ ਦੋਸ਼ ਲਾਇਆ ਕਿ ਲੋਕ ਸਭਾ ਚੋਣਾਂ ਖ਼ਾਤਰ ਸੀ ਬੀ ਆਈ ਦੀ ਦੁਰਵਰਤੋਂ ਹੁੰਦੀ ਹੈ ਅਤੇ ਉਹ ਇਸ ਦਾ ਸਾਹਮਣਾ ਕਰਨ ਨੂੰ ਵੀ ਤਿਆਰ ਹਨ। ਉਨ੍ਹਾਂ ਕਿਹਾ ਕਿ ਜਦੋਂ ਸੀ ਬੀ ਆਈ ਜਾਂਚ ਕਰਦੀ ਪਈ ਹੈ ਤਾਂ ਜਵਾਬ ਅਸੀਂ ਦੇਣਾ ਹੈ ਤੇ ਦਿਆਂਗੇ ਵੀ, ਪਰ ਭਾਜਪਾ ਜਿਹੜਾ ਸੱਭਿਆਚਾਰ ਛੱਡ ਕੇ ਚੱਲੀ ਹੈ, ਜ਼ਰਾ ਕੁ ਮੌਕਾ ਆਉਣ ਦੇਵੋ, ਉਸ ਸਿਆਸੀ ਸੱਭਿਆਚਾਰ ਦਾ ਖੁਦ ਉਸ ਨੂੰ ਵੀ ਸਾਹਮਣਾ ਕਰਨਾ ਪਵੇਗਾ ਅਤੇ ਸਾਰਾ ਕੁਝ ਸਾਹਮਣੇ ਆ ਜਾਵੇਗਾ।

ਜਦੋਂ ਉੱਤਰ ਪ੍ਰਦੇਸ਼ ਵਿੱਚ ਇਸ ਗੱਠਜੋੜ ਵਿਚ ਪਾਰਲੀਮੈਂਟ ਸੀਟਾਂ ਦੀ ਵੰਡ ਬਾਰੇ ਪੁੱਛਿਆ ਗਿਆ ਤਾਂ ਅਖਿਲੇਸ਼ ਨੇ ਇਸ ਦਾ ਗੋਲ ਜਵਾਬ ਦਿੰਦੇ ਹੋਏ ਕਿਹਾ ਕਿ 37-37 ਸੀਟਾਂ ਦੀ ਵੰਡ ਨਾ ਕਹੋ, ਇਹ ਅਸੀਂ ਨਹੀਂ ਤੈਅ ਕਰ ਸਕਦੇ, ਸੀ ਬੀ ਆਈ ਅਧਿਕਾਰੀਆਂ ਨੇ ਤੈਅ ਕਰਨਾ ਹੈ ਕਿ 36-36 ਸੀਟਾਂ ਵੰਡਣੀਆਂ ਹਨ ਜਾਂ 35-35 ਸੀਟਾਂ ਵੰਡਾਂਗੇ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸੀ ਬੀ ਆਈ ਦੀ ਡਿਊਟੀ ਏਸੇ ਕੰਮ ਦੀ ਲਾਈ ਹੋਈ ਹੈ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਨਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShierGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸੁਖਪਾਲ ਸਿੰਘ ਖਹਿਰਾ ਵੱਲੋਂ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ



ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਸਸਪੈਂਡ ਕੀਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਪਾਰਟੀ ਦੀ ਮੁੱਢਲੀ ਮੈਂਬਰੀ ਤੋਂ ਅਸਤੀਫ਼ਾ ਦੇ ਦਿਤਾ ਹੈ। ਸੀਨੀਅਰ ਵਕੀਲ ਐੱਚ ਐੱਸ ਫੂਲਕਾ ਤੋਂ ਮਗਰੋਂ ਇਸ ਪਾਰਟੀ ਨੂੰ ਛੱਡਣ ਵਾਲੇ ਸੁਖਪਾਲ ਸਿੰਘ ਖਹਿਰਾ ਦੂਸਰੇ ਮੌਜੂਦਾ ਵਿਧਾਇਕ ਹਨ, ਪਰ ਉਨ੍ਹਾਂ ਨੇ ਅਜੇ ਤੱਕ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਨਹੀਂ ਦਿੱਤਾ ਤੇ ਕਿਹਾ ਜਾ ਰਿਹਾ ਹੈ ਕਿ ਛੇਤੀ ਹੀ ਦੇ ਦੇਣਗੇ।

ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਨੇ ਪਿਛਲੇ ਸਾਲ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਲੀਡਰ ਬਦਲੇ ਜਾਣ ਕਾਰਨ ਆਮ ਆਦਮੀ ਪਾਰਟੀ ਦੀ ਹਾਈ ਕਮਾਨ ਵਿਰੁੱਧ ਬਗਾਵਤ ਕਰ ਦਿਤੀ ਸੀ ਤੇ ਇਸ ਪਿੱਛੋਂ ਪਾਰਟੀ ਨੇ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਸੀ। ਉਸ ਦੇ ਪਿੱਛੋਂ ਖਹਿਰਾ ਨੇ ਸੱਤ ਵਿਧਾਇਕਾਂ ਨਾਲ ਪਾਰਟੀ ਲੀਡਰਸ਼ਿਪ ਦੇ ਖਿਲਾਫ਼ ਖੁੱਲ੍ਹੇ ਤੌਰ ਉੱਤੇ ਝੰਡਾ ਚੁੱਕ ਲਿਆ ਸੀ। ਨਵੇਂ ਸਾਲ ਦੇ ਅਗਲੇ ਮਹੀਨਿਆਂ ਵਿੱਚ ਜਦੋਂ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ, ਉਸ ਤੋਂ ਪਹਿਲਾਂ ਸੁਖਪਾਲ ਸਿੰਘ ਖਹਿਰਾ ਦਾ ਅਸਤੀਫਾ ਇਸ ਪਾਰਟੀ ਨੂੰ ਵੱਡਾ ਝਟਕਾ ਮੰਨਿਆ ਗਿਆ ਹੈ। ਖਹਿਰਾ ਨੇ ਅੱਜ ਐਤਵਾਰ ਪਾਰਟੀ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ, ਪਰ ਅਜੇ ਇਹ ਗੱਲ ਸਾਫ ਨਹੀਂ ਕਿ ਉਨ੍ਹਾ ਦਾ ਸਾਥ ਦੇ ਰਹੇ ਕੰਵਰ ਸੰਧੂ ਸਮੇਤ ਸੱਤ ਵਿਧਾਇਕਾਂ ਦਾ ਕੀ ਇਰਾਦਾ ਹੈ।

ਇਸ ਤੋਂ ਦੋ ਦਿਨ ਪਹਿਲਾਂ ਸੀਨੀਅਰ ਐਡਵੋਕੇਟ ਐੱਚ ਐੱਸ ਫੂਲਕਾ ਨੇ ਇਸ ਪਾਰਟੀ ਤੋਂ ਅਸਤੀਫ਼ਾ ਦੇ ਦਿਤਾ ਤੇ ਦੋਸ਼ ਲਾਇਆ ਸੀ ਕਿ ਪਾਰਟੀ ਅੰਦਰਖਾਤੇ ਕਾਂਗਰਸ ਨਾਲ ਚੋਣ ਗੱਠਜੋੜ ਕਰਦੀ ਪਈ ਹੈ। ਖਹਿਰਾ ਅਤੇ ਫੂਲਕਾ ਦੋਵਾਂ ਦੇ ਅਸਤੀਫ਼ੇ ਮਗਰੋਂ ਪੰਜਾਬ ਵਿਧਾਨ ਸਭਾ ਵਿਚ ਇਸ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ 18 ਰਹਿ ਗਈ ਹੈ।

ਅੱਜ ਭੇਜੇ ਗਏ ਇਸ ਅਸਤੀਫਾ ਪੱਤਰ ਵਿੱਚ ਸੁਖਪਾਲ ਸਿੰਘ ਖਹਿਰਾ ਨੇ ਪਾਰਟੀ ਪ੍ਰਧਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਿਹਾ ਹੈ ਕਿ ਪਾਰਟੀ ਨੇ ਉਨ੍ਹਾਂ ਨੂੰ ਅਪਮਾਨਤ ਕੀਤਾ ਹੈ। ਖਹਿਰਾ ਨੇ ਪੱਤਰ ਵਿਚ ਇਹ ਗੱਲ ਵੀ ਲਿਖੀ ਹੈ ਕਿ ਅੰਨਾ ਹਜ਼ਾਰੇ ਮੂਵਮੈਂਟ ਤੋਂ ਨਿਕਲ ਕੇ ਬਣਨ ਵਾਲੀ ਆਮ ਆਦਮੀ ਪਾਰਟੀ ਉਨ੍ਹਾਂ ਉਦੇਸ਼ਾਂ ਤੋਂ ਭਟਕ ਚੁੱਕੀ ਹੈ, ਜਿਨ੍ਹਾਂ ਕਾਰਨ ਉਹ ਇਸ ਪਾਰਟੀ ਨਾਲ ਜੁੜੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਚੋਣ ਵਿਚ ਇੱਕ ਸੌ ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਪਾਰਟੀ ਮਸਾਂ 20 ਸੀਟਾਂ ਉਤੇ ਡਿੱਗ ਪਈ ਸੀ ਤੇ ਇਸ ਦਾ ਕਾਰਨ ਪੰਜਾਬ ਦੀ ਕਮਾਨ ਬਾਹਰੀ ਆਦਮੀਆਂ ਨੂੰ ਸੌਂਪਣਾ ਸੀ। ਖਹਿਰਾ ਨੇ ਕਿਹਾ ਕਿ ਏਨੀ ਹਾਰ ਪਿੱਛੋਂ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਰਾਇਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਲੋਕਾਂ ਨੇ ਕਦੇ ਵੀ ਕਿਸੇ ਬਾਹਰੀ ਲੀਡਰ ਨੂੰ ਪ੍ਰਵਾਨ ਨਹੀਂ ਕੀਤਾ। ਕੇਜਰੀਵਾਲ ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਮਾਫ਼ੀ ਮੰਗਣ ਨੂੰ ਵੀ ਸੁਖਪਾਲ ਸਿੰਘ ਖਹਿਰਾ ਨੇ ਉਨ੍ਹਾਂ ਦਾ ਦੋਹਰਾ ਚਰਿੱਤਰ ਸਾਹਮਣੇ ਆਉਣ ਦਾ ਨਮੂਨਾ ਕਿਹਾ ਹੈ।

ਇਹ ਸਪੱਸ਼ਟ ਹੈ ਕਿ ਸੁਖਪਾਲ ਸਿੰਘ ਖਹਿਰਾ ਅਪਣੀ ਵੱਖਰੀ ਰਾਜਸੀ ਪਾਰਟੀ ਬਣਾਉਣਾ ਚਾਹੁੰਦੇ ਹਨ ਅਤੇ ਆਮ ਆਦਮੀ ਪਾਰਟੀ ਵਿਚ ਰਹਿੰਦੇ ਹੋਏ ਉਹ ਵੱਖਰੀ ਪਾਰਟੀ ਦਾ ਨਹੀਂ ਸਨ ਬਣਾ ਸਕਦੇ। ਜੇ ਉਹ ਏਦਾਂ ਕਰਦੇ ਤਾਂ ਉਨ੍ਹਾਂ ਦੀ ਵਿਧਾਨ ਸਭਾ ਮੈਂਬਰੀ ਨੂੰ ਖ਼ਤਰਾ ਹੋਣਾ ਸੀ। ਖਹਿਰਾ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅਗਲੇ ਦਿਨੀਂ ਉਹ ਵੱਖਰੀ ਪਾਰਟੀ ਦਾ ਐਲਾਨ ਕਰ ਦੇਣਗੇ ਤੇ ਇਸ ਤੋਂ ਪਹਿਲਾਂ ਵਿਧਾਨ ਸਭਾ ਮੈਂਬਰੀ ਵੀ ਛੱਡ ਦੇਣਗੇ।

# ਤਾਲਿਬਾਨ ਨੇ ਅਮਰੀਕਾ ਨਾਲ ਸਾਊਦੀ ਅਰਬ ’ਚ ਬੈਠਕ ਕਰਨ ਤੋਂ ਮਨ੍ਹਾ ਕੀਤਾ



ਪੇਸ਼ਾਵਰ, ਪਾਕਿਸਤਾਨ, 6 ਜਨਵਰੀ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿਚਲੇ ਅਤਿਵਾਦੀ ਗਰੁੱਪ ਤਾਲਿਬਾਨ ਨੇ ਇਸ ਮਹੀਨੇ ਅਮਰੀਕਾ ਦੇ ਨਾਲ ਸਾਊਦੀ ਅਰਬ ਵਿਚ ਜਾ ਕੇ ਕੋਈ ਬੈਠਕ ਕਰਨ ਤੋਂ ਮਨ੍ਹਾਂ ਕਰ ਦਿਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੈਠਕ ਕਤਰ ਵਿਚ ਹੋਵੇ, ਜਿੱਥੇ ਤਾਲਿਬਾਨ ਦਾ ਰਾਜਸੀ ਹੈੱਡਕੁਆਰਟਰ ਹੈ। ਉਨ੍ਹਾਂ ਦੇ ਇਸ ਫ਼ੈਸਲੇ ਨਾਲ ਇਸ ਬੈਠਕ ਵਿਚ ਅਫ਼ਗਾਨਿਸਤਾਨ ਨੂੰ ਸ਼ਾਮਲ ਕਰਨ ਦੇ ਸਾਊਦੀ ਅਰਬ ਦੇ ਯਤਨਾਂ ਉਤੇ ਪਾਣੀ ਫਿਰ ਸਕਦਾ ਹੈ।

ਵਰਨਣ ਯੋਗ ਹੈ ਕਿ ਅਫ਼ਗਾਨਿਸਤਾਨ ਵਿਚ 17 ਸਾਲਾਂ ਤੋਂ ਚੱਲਦੀ ਜੰਗ ਮੁਕਾਉਣ ਲਈ ਇੱਕ ਵਿਸ਼ੇਸ਼ ਅਮਰੀਕੀ ਦੂਤ ਜਾਲਮੇ ਖਲੀਲਜਾਦ ਅਤੇ ਤਾਲਿਬਾਨ ਦੇ ਪ੍ਰਤੀਨਿਧਾਂ ਵਿਚਾਲੇ ਇਸ ਮਹੀਨੇ ਇਸ ਗੱਲਬਾਤ ਦਾ ਚੌਥਾ ਗੇੜ ਹੋਣਾ ਸੀ। ਇੱਕ ਅੰਤਰਰਾਸ਼ਟਰੀ ਗਰੁੱਪ ਵੀ ਇਸ ਗੱਲਬਾਤ ਵਿਚ ਅਫ਼ਗਾਨਿਸਤਾਨ ਦੀ ਸਰਕਾਰ ਨੂੰ ਸ਼ਾਮਲ ਕਰਨ ਦਾ ਦਬਾਅ ਬਣਾ ਰਿਹਾ ਸੀ। ਤਾਲਿਬਾਨ ਨੇ ਅਫ਼ਗਾਨਿਸਤਾਨ ਦੀ ਸਰਕਾਰ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿਤਾ ਹੈ।

ਇਸ ਬਾਰੇ ਤਾਲਿਬਾਨ ਦੇ ਇਕ ਆਗੂ ਨੇ ਕਿਹਾ, ਪਿਛਲੇ ਮਹੀਨੇ ਅਬੂਧਾਬੀ ਵਿਚ ਹੋਈ ਗੱਲਬਾਤ ਅੱਗੇ ਵਧਾਉਣ ਲਈ ਜਨਵਰੀ ਵਿਚ ਅਮਰੀਕੀ ਅਧਿਕਾਰੀਆਂ ਨਾਲ ਬੈਠਕ ਹੋਣੀ ਸੀ, ਪਰ ਇਸ ਸਮੇਂ ਦੌਰਾਨ ਸਾਊਦੀ ਅਰਬ ਅਤੇ ਯੂ ਏ ਈ ਵਾਲੇ ਸਾਨੂੰ ਅਫ਼ਗਾਨਿਸਤਾਨ ਸਰਕਾਰ ਦੇ ਪ੍ਰਤੀਨਿਧਾਂ ਨਾਲ ਮਿਲਾਉਣ ਦੀ ਕੋਸ਼ਿਸ਼ ਵਿਚ ਸਨ। ਇਸ ਕਰ ਕੇ ਸਾਊਦੀ ਅਰਬ ਵਿੱਚ ਹੋਣ ਵਾਲੀ ਬੈਠਕ ਅਸੀਂ ਰੱਦ ਕਰ ਦਿਤੀ ਹੈ। ਤਾਲਿਬਾਨ ਦੇ ਇਕ ਹੋਰ ਨੇਤਾ ਮੁਤਾ-ਬਕ ਅਫ਼ਗਾਨ ਸਰਕਾਰ ਇਸ ਦੇਸ਼ ਤੋਂ ਅਮਰੀਕੀ ਤੇ ਹੋਰ ਵਿਦੇਸ਼ੀ ਫ਼ੌਜਾਂ ਨਹੀਂ ਹਟਾਉਣਾ ਚਾਹੁੰਦੀ, ਇਸ ਦੀ ਭਾਰੀ ਕੀਮਤ ਸਾਨੂੰ ਦੇਣੀ ਪਈ ਹੈ, ਇਸ ਲਈ ਅਸੀਂ ਇਸ ਦੇਸ਼ ਦੀ ਮੌਜੂਦਾ ਸਰਕਾਰ ਨਾਲ ਗੱਲ ਕਿਉਂ ਕਰੀਏ?

ਅਮਰੀਕਾ ਨੇ ਅਜੇ ਇਸ ਉਤੇ ਪ੍ਰਤੀਕਰਮ ਨਹੀਂ ਦਿਤਾ। ਅਫ਼ਗਾਨਿਸਤਾਨ ਵਿਚ ਅਮਰੀਕਾ ਨੂੰ ਤਾਲਿਬਾਨ ਅਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦਾ ਹੈ। ਉਹ ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜ ਹਟਾਉਣ ਦੇ ਬਾਅਦ ਸਮਝੌਤਾ ਚਾਹੁੰਦਾ ਹੈ। ਪਿੱਛੇ ਜਿਹੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੱਤ ਹਜ਼ਾਰ ਅਮਰੀਕੀ ਫੌਜੀ ਅਫ਼ਗਾਨਿਸਤਾਨ ਤੋਂ ਕੱਢ ਲੈਣ ਦਾ ਐਲਾਨ ਕੀਤਾ ਸੀ, ਜਿਸ ਨੂੰ ਗੱਲਬਾਤ ਅੱਗੇ ਵਧਾਉਣ ਦੀ ਕੋਸ਼ਿਸ਼ ਕਿਹਾ ਗਿਆ ਸੀ।

# ਨਵਾਜ਼ ਸ਼ਰੀਫ ਦੇ ਬਾਅਦ ਆਸਿਫ ਅਲੀ ਜ਼ਰਦਾਰੀ ਦੇ ਮਗਰ ਲੱਗ ਤੁਰੀਆਂ ਜਾਂਚ ਏਜੰਸੀਆਂ



ਇਸਲਾਮਾਬਾਦ, 6 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਫਰਜ਼ੀ ਬੈਂਕ ਖਾਤਿਆਂ ਨਾਲ 220 ਅਰਬ ਰੁਪਏ ਦੀ ਮਨੀ ਲਾਂਡਰਿੰਗ ਕੀਤੇ ਜਾਣ ਦੀ ਜਾਂਚ ਕਰਦੇ ਅਧਿਕਾਰੀਆਂ ਨੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਤੇ ਹੋਰਨਾਂ ਦੋਸ਼ੀਆਂ ਦੀ ਸਾਰੀ ਜਾਇਦਾਦ ਜ਼ਬਤ ਕਰਨ ਦੀ ਸਿਫਾਰਸ਼ ਸੁਪਰੀਮ ਕੋਰਟ ਨੂੰ ਕਰ ਦਿੱਤੀ ਹੈ, ਜਿਸ ਵਿਚ ਇਨ੍ਹਾਂ ਲੋਕਾਂ ਦੀ ਅਮਰੀਕਾ ਅਤੇ ਦੁਬਈ ਵਿਚਲੀ ਜਾਇਦਾਦ ਵੀ ਸ਼ਾਮਲ ਦੱਸੀ ਗਈ ਹੈ।

ਇਕ ਅੰਗਰੇਜ਼ੀ ਅਖਬਾਰ ਦੀ ਖ਼ਬਰ ਮੁਤਾਬਕ ਸਾਂਝੀ ਜਾਂਚ ਟੀਮ (ਜੇ ਆਈ ਟੀ) ਨੇ ਸ਼ਨੀਵਾਰ ਨੂੰ ਸੁਪਰੀਮ ਕੋਰਟ ਨੂੰ ਇਸ ਬਾਰੇ ਰਿਪੋਰਟ ਪੇਸ਼ ਕਰ ਕੇ ਕਰਾਚੀ ਅਤੇ ਲਾਹੌਰ ਵਿਚਲੇ ਮਸ਼ਹੂਰ ਬਿਲਾਵਲ ਹਾਊਸ ਤੇ ਇਸਲਾਮਾਬਾਦ ਵਿਚਲੇ ਜ਼ਰਦਾਰੀ ਹਾਊਸ ਨੂੰ ਜ਼ਬਤ ਕਰਨ ਦੀ ਸਿਫਾਰਸ਼ ਕੀਤੀ ਹੈ। ਅਮਰੀਕਾ ਦੇ ਨਿਊਯਾਰਕ ਤੇ ਦੁਬਈ ਵਿੱਚ ਜ਼ਰਦਾਰੀ ਦੀਆਂ ਜਾਇਦਾਦਾਂ ਸਮੇਤ ਕਰਾਚੀ ਵਿਚ ਬਿਲਾਵਲ ਹਾਊਸ ਦੇ ਸਾਰੇ ਪੰਜ ਪਲਾਟ ਜ਼ਬਤ ਕਰਨ ਲਈ ਜੇ ਆਈ ਟੀ ਨੇ ਅਦਾਲਤ ਨੂੰ ਕਿਹਾ ਹੈ। ਇਸ ਟੀਮ ਨੇ ਜ਼ਰਦਾਰੀ, ਉਨ੍ਹਾਂ ਦੀ ਭੈਣ ਫਰਯਾਲ ਤਾਲਪੁਰ ਅਤੇ ਜ਼ਰਦਾਰੀ ਗਰੁੱਪ ਦੀ ਮਾਲਕੀ ਵਾਲੀ ਸਾਰੀ ਸ਼ਹਿਰੀ ਤੇ ਖੇਤੀਬਾੜੀ ਜ਼ਮੀਨ ਜ਼ਬਤ ਕਰਨ ਦੀ ਸਿਫਾਰਸ਼ ਕੀਤੀ ਹੈ। ਰਿਪੋਰਟ ਮੁਤਾਬਕ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਤੇ ਹੋਰ ਵਿਅਕਤੀਆਂ ਦੇ ਵਿਰੁੱਧ ਫਰਜ਼ੀ ਖਾਤਿਆਂ ਨਾਲ ਕਰੀਬ 220 ਅਰਬ ਰੁਪਏ ਦੀ ਮਨੀ ਲਾਂਡਰਿੰਗ ਨਾਲ ਜੁੜੇ ਕੇਸ ਨੂੰ ਲੈ ਕੇ ਜਾਂਚ ਹੋ ਰਹੀ ਹੈ।

ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਜ਼ਰਦਾਰੀ ਅਤੇ ਤਾਲਪੁਰ ਨੇ ਕਿਹਾ ਕਿ ਜੇ ਆਈ ਟੀ ਦੀ ਰਿਪੋਰਟ ਅਟਕਲਾਂ ’ਤੇ ਆਧਾਰਿਤ ਹੈ ਅਤੇ ਉਨ੍ਹਾਂ ਵਿਰੁੱਧ ਸਿਆਸੀ ਬਦਲਾਖੋਰੀ ਹੋ ਰਹੀ ਹੈ। ਦੂਸਰੇ ਪਾਸੇ ਖ਼ਬਰ ਕਹਿੰਦੀ ਹੈ ਕਿ ਜੇ ਆਈ ਟੀ ਨੇ ਓਮਨੀ ਗਰੁੱਪ ਦੀ ਚੀਨੀ ਮਿੱਲ, ਖੇਤੀਬਾੜੀ ਅਤੇ ਊਰਜਾ ਕੰਪਨੀਆਂ ਸਮੇਤ ਸਭ ਜਾਇਦਾਦਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇਣ ਵਾਸਤੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ।

# ਵਿਜੇ ਮਾਲਿਆ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨ ਕਰ ਦਿੱਤਾ ਗਿਆ

ਮੁੰਬਈ, 6 ਜਨਵਰੀ (ਪੋਸਟ ਬਿਊਰੋ)- ਸ਼ਰਾਬ ਦੇ ਸਾਬਕਾ ਕਾਰੋਬਾਰੀ ਵਿਜੇ ਮਾ-ਲਿਆ, ਜਿਹੜਾ ਬੈਂਕਾਂ ਦਾ 9000 ਕਰੋੜ ਰੁਪਏ ਕਰਜ਼ਾ ਨਾ ਮੋੜਨ ਦਾ ਦੋਸ਼ੀ ਹੈ, ਨੂੰ ਕੱਲ੍ਹ ਮੁੰਬਈ ਦੀ ਅਦਾਲਤ ਵੱਲੋਂ ਭਗੌੜਾ ਆਰਥਿਕ ਅਪਰਾਧੀ ਐਲਾਨੇ ਜਾਣ (ਐੱਫ ਈ ਓ) ਨਾਲ ਇੱਕ ਹੋਰ ਝਟਕਾ ਲੱਗਾ ਹੈ। ਉਸ ਨੂੰ ਪਹਿਲਾ ਝਟਕਾ ਉਸ ਸਮੇਂ ਲੱਗਾ ਸੀ, ਜਦੋਂ ਕੁਝ ਹਫਤੇ ਪਹਿਲਾਂ ਲੰਡਨ ਦੀ ਇੱਕ ਅਦਾਲਤ ਨੇ ਉਸ ਦੀ ਹਵਾਲਗੀ ਦਾ ਹੁਕਮ ਦਿੱਤਾ ਸੀ। ਮਾਲਿਆ ਐੱਫ ਈ ਓ ਐਕਟ ਤਹਿਤ ਭਗੌੜਾ ਆਰਥਿਕ ਅਪਰਾਧੀ ਐਲਾਨੇ ਜਾਣ ਵਾਲਾ ਪਹਿਲਾ ਕਾਰੋਬਾਰੀ ਹੈ। ਇਹ ਕਾਨੂੰਨ ਅਗਸਤ 2018 ਵਿਚ ਹੋਂਦ 'ਚ ਆਇਆ ਸੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਇਸ ਮਕਸਦ ਲਈ ਐੱਫ ਈ ਓ ਐਕਟ ਵਾਲੀ ਅਦਾਲਤ ਨੂੰ ਅਰਜ਼ੀ ਦਾਇਰ ਕੀਤੀ ਤੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਮਾਲਿਆ, ਜਿਹੜਾ ਇਸ ਸਮੇਂ ਬ੍ਰਿਟੇਨ ਵਿਚ ਹੈ, ਨੂੰ ਭਗੌੜਾ ਐਲਾਨ ਕੀਤਾ ਜਾਵੇ ਅਤੇ ਐਕਟ ਦੀ ਵਿਵਸਥਾ ਮੁਤਾਬਕ ਉਸ ਦੀ ਜਾਇਦਾਦ ਜ਼ਬਤ ਕਰ ਕੇ ਭਾਰਤ ਸਰਕਾਰ ਦੇ ਕਬਜ਼ੇ ਵਿਚ ਲਿਆਂਦੀ ਜਾਵੇ। ਈ ਡੀ ਦੀ ਅਰਜ਼ੀ ਨੂੰ ਅੰਸ਼ਿਕ ਰੂਪ ਵਿਚ ਸਵੀਕਾਰ ਕਰ ਲਿਆ ਗਿਆ ਹੈ।

ਵਿਸ਼ੇਸ਼ ਅਦਾਲਤ ਦੇ ਜੱਜ ਐੱਮ ਐੱਸ ਆਜ਼ਮੀ ਨੇ ਆਪਣੇ ਹੁਕਮ ਵਿੱਚ ਕਿਹਾ ਹੈ ਕਿ ਇਸ ਐਕਟ ਦੀ ਧਾਰਾ 12 (1) ਦੇ ਤਹਿਤ ਵਿਜੇ ਮਾਲਿਆ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨਿਆ ਜਾਂਦਾ ਹੈ। ਜਾਇਦਾਦ ਜ਼ਬਤ ਕਰਨ ਬਾਰੇ ਈ ਡੀ ਦੀ ਅਰਜ਼ੀ ਦੇ ਦੂਸਰੇ ਹਿੱਸੇ ਉੱਤੇ ਸੁਣਵਾਈ ਪੰਜ ਫਰਵਰੀ ਤੋਂ ਸ਼ੁਰੂ ਹੋਵੇਗੀ। ਮਾਲਿਆ ਦੇ ਵਕੀਲਾਂ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਹੁਕਮ ਉਤੇ ਚਾਰ ਹਫਤਿਆਂ ਲਈ ਰੋਕ ਲਾਈ ਜਾਵੇ, ਤਾਂ ਜੋ ਉਹ ਇਸ ਦੀ ਮੁਕੰਮਲ ਕਾਪੀ ਹਾਸਲ ਕਰ ਕੇ ਹਾਈ ਕੋਰਟ ਵਿੱਚ ਅਪੀਲ ਕਰ ਸਕਣ, ਪਰ ਜੱਜ ਨੇ ਉਨ੍ਹਾਂ ਦੀ ਬੇਨਤੀ ਰੱਦ ਕਰਦਿਆਂ ਕਿਹਾ ਕਿ ਐੱਫ ਈ ਓ ਐਕਟ ਹੇਠ ਕੋਈ ਅਦਾਲਤ ਆਪਣੇ ਹੁਕਮ 'ਤੇ ਰੋਕ ਨਹੀਂ ਲਾ ਸਕਦੀ। ਈ ਡੀ ਦੇ ਵਕੀਲ ਡੀ ਐੱਨ ਸਿੰਘ ਨੇ ਦਲੀਲ ਦਿੱਤੀ ਕਿ ਬ੍ਰਿਟੇਨ ਦੀ ਅਦਾਲਤ ਵਿੱਚ ਹਵਾਲਗੀ ਪ੍ਰਕਿਰਿਆ ਇਸ ਗੱਲ ਦਾ ਵੱਡਾ ਸਬੂਤ ਹੈ ਕਿ ਉਹ ਵਾਪਸ ਮੁੜਨ ਦੀ ਇੱਛਾ ਨਹੀਂ ਰੱਖਦਾ। ਮਾਲਿਆ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਸ ਨੇ ਆਪਣੀ ਹਵਾਲਗੀ ਕੇਸ ਦੀ ਸੁਣਵਾਈ ਦੌਰਾਨ ਲੰਡਨ ਵਿੱਚ ਮੈਜਿਸਟਰੇਟ ਦੀ ਅਦਾਲਤ ਦੇ ਸਾਹਮਣੇ ਸਮਰਪਣ ਕਰ ਦਿੱਤਾ ਅਤੇ ਜ਼ਮਾਨਤ ਲੈ ਲਈ ਸੀ, ਇਸ ਕਰ ਕੇ ਉਸ ਨੂੰ ਭਗੌੜਾ ਕਰਾਰ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਈ ਡੀ ਦੇ ਇਸ ਦਾਅਵੇ ਉਤੇ ਵੀ ਸਵਾਲ ਉਠਾਇਆ ਕਿ ਉਹ ਸ਼ੱਕੀ ਹਾਲਾਤ ਵਿਚ ਭਾਰਤ ਤੋਂ ਗਿਆ ਸੀ ਅਤੇ ਕਿਹਾ ਕਿ ਉਹ ਵਰਲਡ ਮੋਟਰ ਸਪੋਰਟਸ ਦੀ ਮੀਟਿੰਗ ਵਿੱਚ ਐਫ 1 ਟੀਮ (ਫੋਰਸ ਇੰਡੀਆ) ਵਜੋਂ ਸ਼ਾਮਲ ਹੋਣ ਗਿਆ ਸੀ। ਮਾਲਿਆ ਦੋ ਮਾਰਚ, 2016 ਨੂੰ ਭਾਰਤ ਤੋਂ ਗਿਆ ਸੀ। ਲੰਡਨ ਅਦਾਲਤ ਨੇ 10 ਦਸੰਬਰ 2018 ਨੂੰ ਉਸ ਦੀ ਹਵਾਲਗੀ ਦਾ ਹੁਕਮ ਦਿੱਤਾ ਸੀ।

ਜੇ ਕੋਈ ਵਿਅਕਤੀ 100 ਕਰੋੜ ਜਾਂ ਇਸ ਤੋਂ ਵੱਧ ਦੀ ਰਕਮ ਦਾ ਘੋਟਾਲਾ ਕਰ ਕੇ ਦੇਸ਼ ਤੋਂ ਚਲਾ ਜਾਂਦਾ ਹੈ ਅਤੇ ਵਾਪਸ ਆਉਣ ਤੋਂ ਇਨਕਾਰ ਕਰਦਾ ਹੈ ਅਤੇ ਜੇ ਮਾਮਲੇ ਵਿੱਚ ਉਸ ਦੇ ਖਿਲਾਫ ਵਾਰੰਟ ਜਾਰੀ ਹੁੰਦੇ ਹਨ ਤਾਂ ਉਸ ਨੂੰ ਐੱਫ ਈ ਓ ਐਕਟ ਤਹਿਤ ਭਗੌੜਾ ਆਰਥਿਕ ਅਪਰਾਧੀ ਕਰਾਰ ਦਿੱਤਾ ਜਾ ਸਕਦਾ ਹੈ। ਇਹੋ ਅਦਾਲਤ ਹੀਰਾ ਵਪਾਰੀਆਂ ਨੀਰਵ ਮੋਦੀ ਤੇ ਮੇਹੁਲ ਚੋਕਸੀ ਨੂੰ ਪੰਜਾਬ ਨੈਸ਼ਨਲ ਬੈਂਕ ਨਾਲ ਘੋਟਾਲਾ ਕਰਨ ਦੇ ਕੇਸ ਵਿੱਚ ਭਗੌੜਾ ਆਰਥਿਕ ਅਪਰਾਧੀ ਐਲਾਨਣ ਵਾਸਤੇ ਈ ਡੀ ਦੀ ਅਪੀਲ ਉਤੇ ਸੁਣਵਾਈ ਕਰ ਰਹੀ ਹੈ।

# ਮੁਸਲਿਮ ਮੁੰਡੇ ਨਾਲ ਵਿਆਹ ਕਰਨ ਆਈ ਮਹਿਲਾ ਪੁਲਸ ਨੇ ਫੜ ਲਈ

*** ਪੁਜਾਰੀ ਨੇ ਹਿੰਦੂ ਸੰਗਠਨਾਂ ਨੂੰ ਸੱਦ ਕੇ ਮਹਿਲਾ ਨੂੰ ਫੜਵਾਇਆ**

ਦੇਵਬੰਦ (ਸਹਾਰਨਪੁਰ), 6 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਸਹਾਰਨਪੁਰ ਦੇ ਦੇਵਬੰਦ ਦੇ ਮੰਦਰ ਵਿੱਚ ਕੱਲ੍ਹ ਮੁਸਲਿਮ ਨੌਜਵਾਨ ਨਾਲ ਵਿਆਹ ਕਰਨ ਗਈ ਮਹਿਲਾ ਨੂੰ ਹਿੰਦੂ ਸੰਗਠਨਾਂ ਦੇ ਵਿਰੋਧ ਕਾਰਨ ਪੁਲਸ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਅਗਲੀ ਕਾਰਵਾਈ ਜਾਰੀ ਹੈ।

ਪੁਲਸ ਨੇ ਦੱਸਿਆ ਕਿ ਬਾਲਾ ਸੁੰਦਰੀ ਮੰਦਰ ਵਿੱਚ ਇੱਕ ਹਿੰਦੂ ਮਹਿਲਾ ਆਪਣੇ ਪ੍ਰੇਮੀ ਨਾਲ ਵਿਆਹ ਕਰਨ ਲਈ ਪਹੁੰਚੀ ਸੀ। ਇਸ ਵਿਆਹ ਦੇ ਵਿਰੁੱਧ ਹਿੰਦੂ ਸੰਗਠਨਾਂ ਦੇ ਸੈਂਕੜੇ ਕਾਰਕੁਨ ਇਕੱਠੇ ਹੋ ਗਏ। ਪੁਲਸ ਨੇ ਸਥਿਤੀ ਵਿਗੜਨ ਤੋਂ ਪਹਿਲਾਂ ਹੀ ਪਹੁੰਚ ਕੇ ਜੋੜੇ ਨੂੰ ਗ੍ਰਿਫਤਾਰ ਕਰ ਲਿਆ ਅਤੇ ਸੁਰੱਖਿਅਤ ਸਥਾਨ 'ਤੇ ਲੈ ਗਈ। ਉਨ੍ਹਾਂ ਦੱਸਿਆ ਕਿ ਪਿੰਡ ਪਿਰੜ ਦੀ ਇਸ ਮਹਿਲਾ ਦਾ ਵਿਆਹ ਕੁਝ ਸਾਲ ਪਹਿਲਾਂ ਪਿੰਡ ਕਰਨਜਾਲੀ ਵਿੱਚ ਹੋਇਆ ਸੀ ਤੇ ਕੁਝ ਮਹੀਨੇ ਬਾਅਦ ਹੀ ਉਸ ਦੇ ਪਤੀ ਦੀ ਮੌਤ ਹੋ ਗਈ ਸੀ, ਜਿਸ ਪਿੱਛੋਂ ਵੀਹ ਲੱਖ ਰੁਪਏ ਅਤੇ 21 ਵੀਘਾ ਜ਼ਮੀਨ ਇਸ ਮਹਿਲਾ ਨੂੰ ਮਿਲ ਗਈ। ਦੇਵਬੰਦ ਨਗਰ ਦੇ ਮੁਹੱਲਾ ਸਰਾਏ ਕਾਹਰਾਂ ਦੇ ਮੁਸਲਿਮ ਨੌਜਵਾਨ ਨੇ ਇਸ ਮਹਿਲਾ ਨੂੰ ਆਪਣੇ ਪ੍ਰੇਮ ਵਿੱਚ ਫਸਾ ਲਿਆ ਤਾਂ ਕਿ ਉਹ ਉਸ ਦੀ ਜਾਇਦਾਦ ਹੜੱਪ ਕੇ ਬਾਅਦ ਵਿੱਚ ਇਸ ਤੋਂ ਪਿੱਛਾ ਛੁਡਾ ਲਵੇ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਵਿਕਾਸ ਤਿਆਗੀ ਨੇ ਇਸ ਬਾਰੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਸਿੱਧੇ-ਸਿੱਧੇ ਲਵ ਜੇਹਾਦ ਦਾ ਕੇਸ ਹੈ ਅਤੇ ਇਸ ਮਾਮਲੇ ਵਿੱਚ ਹਿੰਦੂ ਸੰਗਠਨ ਪੁਲਸ ਤੋਂ ਕਾਰਵਾਈ ਦੀ ਮੰਗ ਕਰ ਰਹੇ ਹਨ। ਪੁਲਸ ਮੁਤਾਬਕ ਮੰਦਰ ਦੇ ਪੁਜਾਰੀ ਨੇ ਮੁੰਡੇ ਨੂੰ ਪਛਾਣਨ ਦੇ ਬਾਅਦ ਉਸ ਦਾ ਹਿੰਦੂ ਮਹਿਲਾ ਨਾਲ ਵਿਆਹ ਕਰਨ'ਤੇ ਇਤਰਾਜ਼ ਕੀਤਾ ਸੀ। ਪੁਜਾਰੀ ਦੀ ਪਹਿਲ 'ਤੇ ਹੀ ਹਿੰਦੂ ਸੰਗਠਨਾਂ ਦੀ ਸਰਗਰਮੀ ਸਾਹਮਣੇ ਆਈ ਅਤੇ ਪੁਲਸ ਨੂੰ ਦਖਲ ਦੇਣਾ ਪਿਆ ਸੀ।

# ਦੋ ਸਕੇ ਭਰਾਵਾਂ ਨੇ ਚਚੇਰੇ ਭਰਾ ਦਾ ਕਤਲ ਕਰ ਛੱਡਿਆ

ਸ੍ਰੀ ਹਰਗੋਬਿੰਦਪੁਰ, 6 ਜਨਵਰੀ (ਪੋਸਟ ਬਿਊਰੋ)- ਪਿੰਡ ਖੋਜਕੀਪੁਰ ਵਿੱਚ ਦੋ ਸਕੇ ਭਰਾਵਾਂ ਨੇ ਆਪਣੇ ਚਚੇਰੇ ਭਰਾ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰਕੇ ਲਾਸ਼ ਗਲੀ ਵਿੱਚ ਸੁੱਟ ਦਿੱਤੀ ਹੈ। ਮ੍ਰਿਤਕ ਦੀ ਪਛਾਣ ਕਮਲਦੀਪ ਸਿੰਘ (20) ਵਜੋਂ ਹੋਈ ਹੈ। ਉਹ ਆਪਣੇ ਫੌਜੀ ਭਰਾ ਕਰਮਜੀਤ ਸਿੰਘ ਨਾਲ ਪਿੰਡ ਖੋਜਕੀਪੁਰ ਵਿੱਚ ਰਹਿੰਦਾ ਸੀ, ਜਦ ਕਿ ਉਨ੍ਹਾਂ ਦਾ ਪਿਤਾ ਪਿੰਡ ਤੋਂ ਬਾਹਰ ਆਪਣੇ ਮਕਾਨ 'ਚ ਰਹਿ ਰਿਹਾ ਸੀ।

ਮਿਲੀ ਜਾਣਕਾਰੀ ਅਨੁਸਾਰ ਕਮਲਦੀਪ ਦੇ ਘਰ ਦੀ ਕੰਧ ਨਾਲ ਉਸ ਦੇ ਤਾਏ ਦੇ ਮੁੰਡਿਆਂ ਨੇ ਰੋੜੇ ਲਾਏ ਹੋਏ ਸਨ, ਜਿਨ੍ਹਾਂ ਨੂੰ ਚੁੱਕਣ ਲਈ ਕਮਲਦੀਪ ਨੇ ਆਪਣੇ ਤਾਏ ਦੇ ਮੁੰਡੇ ਸੰਦੀਪ ਸਿੰਘ ਤੇ ਗੁਰਦੀਪ ਸਿੰਘ ਨੂੰ ਕਿਹਾ ਸੀ। ਇਸ ਦੌਰਾਨ ਦੋਵੇਂ ਧਿਰਾਂ ਦੀ ਮਾਮੂਲੀ ਤਕਰਾਰ ਹੋ ਗਈ, ਜਿਸ ਪਿੱਛੋਂ ਸੰਦੀਪ ਸਿੰਘ ਅਤੇ ਗੁਰਦੀਪ ਸਿੰਘ ਨੇ ਦਾਤਰ ਅਤੇ ਕਹੀ ਨਾਲ ਕਮਲਦੀਪ 'ਤੇ ਹਮਲਾ ਕਰ ਦਿੱਤਾ ਤਾਂ ਕਮਲਦੀਪ ਦੀ ਮੌਤ ਹੋ ਗਈ। ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਨੂੰ ਸੰਤੋਖ ਸਿੰਘ ਵਾਸੀ ਬਹਾ-ਦਰਪੁਰ ਰਜੋਆ ਨੇ ਸੂਚਨਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਕਮਲਦੀਪ ਦਾ ਕਤਲ ਸੰਦੀਪ ਸਿੰਘ ਅਤੇ ਗੁਰਦੀਪ ਸਿੰਘ ਵੱਲੋਂ ਕੀਤਾ ਗਿਆ ਹੈ, ਜਿਨ੍ਹਾਂ ਵਿਰੁੱਧ ਮੁਕੱਦਮਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd. Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

Business for Sale
TORONTO $99,000 — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।
HALTON HILLS $179,000 — 148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਉਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
BRAMPTON $199,000 — 545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ਼ਵਰਮਾ ਹਾਉਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋਂ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ
BRAMPTON $199,000 — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।
MISSISSAUGA $229,000 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।
BRAMPTON $240,000 — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੌਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।
BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale
BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।
WOODSTOCK $599,900 — 703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇੰਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੂਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।
BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।
BRAMPTON $179,000 — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!
BRAMPTON $910,000 — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।
CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਕ੍ਰੈਡਿਟ ਵਿਊ ਸੀਨੀਅਰ ਕਲੱਬ ਨੇ ਕੀਤੀ ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨਾਲ ਮੁਲਾਕਾਤ




ਬਰੈਂਪਟਨ, 6 ਜਨਵਰੀ (ਪੋਸਟ ਬਿਊਰੋ)- ਕੱਲ੍ਹ ਕ੍ਰੈਡਿਟ ਵਿਊ ਸੀਨੀਅਰ ਕਲੱਬ ਦੇ ਮੈਂਬਰਾਂ ਵਲੋਂ ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨਾਲ ਇਲਾਕੇ ਦੀ ਤਰੱਕੀ ਦੇ ਲਈ ਵੱਖ ਵੱਖ ਮੁੱਦਿਆਂ ਉਤੇ ਵਿਚਾਰ-ਚਰਚਾ ਕੀਤੀ ਗਈ। ਇਸ ਮੁਲਾਕਾਤ ਦੌਰਾਨ ਜਿਥੇ ਉਨ੍ਹਾਂ ਬਰੈਂਪਟਨ ਵਿਚ ਬਜ਼ੁਰਗਾਂ ਨਾਲ ਜੁੜੇ ਮੁੱਦੇ ਛੋਹੇ ਉਥੇ ਹੀ ਸ਼ਹਿਰ ਵਿਚ ਵਧ ਰਹੇ ਕ੍ਰਾਈਮ ਦੇ ਨਾਲ-ਨਾਲ ਵਧ ਰਹੇ ਨਸ਼ੇ ਦੇ ਕਾਰੋਬਾਰ ਦੇ ਮਸਲੇ ਉਤੇ ਵੀ ਵਿਚਾਰਾਂ ਕੀਤੀਆਂ। ਕਲੱਬ ਮੈਂਬਰਾਂ ਨੇ ਅਮਰਜੋਤ ਸੰਧੂ ਨੂੰ ਨਵੇ ਸਾਲ ਦੀਆਂ ਮੁਬਾਰਕਾਂ ਵੀ ਦਿੱਤੀਆਂ। ਤਸਵੀਰ ਵਿਚ ਕਲੱਬ ਦੇ ਪ੍ਰਧਾਨ ਪ੍ਰਿਤਪਾਲ ਸਿੰਘ, ਚੇਅਰਮੈਨ ਗੁਰਨਾਮ ਸਿੰਘ ਕੈਰੋਂ, ਖੁਸ਼ਪਾਲ ਸਿੰਘ, ਖੁਸ਼ਪਾਲ ਸਿੰਘ ਭੁੱਲਰ, ਜਸਵੀਰ ਸਿੰਘ ਮਾਹਲ, ਮਨਜੀਤ ਸਿੰਘ ਰੰਧਾਵਾ, ਦਲਜੀਤ ਸਿੰਘ ਐਮਪੀਪੀ ਅਮਰਜੋਤ ਨਾਲ ਮੁਲਾਕਾਤ ਦੌਰਾਨ ਨਜ਼ਰ ਆ ਰਹੇ ਹਨ।

# ਕੈਨੇਡੀਅਨ ਐੱਮ ਪੀ ਰਮੇਸ਼ਵਰ ਸੰਘਾ ਵੱਲੋਂ ਸੁਰਜੀਤ ਪਾਤਰ ਤੇ ਗੁਰਭਜਨ ਗਿੱਲ ਨੂੰ ਸਨਮਾਨ ਸਨਦ ਭੇਂਟ

ਲੁਧਿਆਣਾ, 6 ਜਨਵਰੀ (ਗੁਰਭਿੰਦਰ ਗੁਰੀ): ਕੈਨੇਡਾ ਤੋਂ ਆਏ ਮੈਂਬਰ ਪਾਰਲੀਮੈਂਟ ਮੈਂਬਰ ਰਾਮੇਸ਼ਵਰ ਸਿੰਘ ਸੰਘਾ ਵੱਲੋਂ ਪਹਿਲੀ ਜਨਵਰੀ ਨੂੰ ਸਰਾਭਾ ਨਗਰ ਗੁਰਦੁਆਰਾ ਸਾਹਿਬ ਚ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰਪ੍ਰੀਤ ਸਿੰਘ ਸੰਧੂ ਦੇ ਟੇਬਲ ਕੈਲੰਡਰ ਸਮਾਰੋਹ ਵਿੱਚ ਸਨਮਾਨ ਸਨਦ ਮਿਲਣਾ ਇਸ ਕਰਕੇ ਚੰਗਾ ਲੱਗਾ, ਕਿਉਂਕਿ ਅਸੀਂ ਪਹਿਲਾਂ ਕਦੇ ਮਿਲੇ ਹੀ ਨਹੀਂ ਸਾਂ।

ਬਰਾਂਪਟਨ (ਕੈਨੇਡਾ) ਤੋਂ ਵਰਤਮਾਨ ਮੈਂਬਰ ਪਾਰਲੀਮੈਂਟ ਸੰਘਾ ਨੂੰ ਮੇਰੇ ਸੱਦਣ ਦਾਇਰੇ ਨੇ ਜ਼ਰੂਰ ਦੱਸਿਆ ਹੋਵੇਗਾ ਮੇਰੇ ਕੰਮਾਂ ਕਾਰਾਂ ਤੇ ਦਿਲਚਸਪੀਆਂ ਬਾਰੇ।

ਉਸ ਨੇ ਸਾਡੇ ਮਾਣਯੋਗ ਸ਼ਾਇਰ ਸੁਰਜੀਤ ਪਾਤਰ ਜੀ ਦੇ ਨਾਲ ਹੀ ਮੈਨੂੰ ਵੀ ਇਹ ਸਨਦ ਪ੍ਰਦਾਨ ਕੀਤੀ।

ਇਸ ਵੇਲੇ ਫੁੱਲਾਂ ਦੀ ਖੇਤੀ ਨੂੰ ਪੰਜਾਬ ਚ ਹਰਮਨ ਪਿਆਰਾ ਬਣਾਉਣ ਵਾਲੇ ਸ: ਅਵਤਾਰ ਸਿੰਘ ਢੀਂਡਸਾ, ਤੇਜਪ੍ਰਤਾਪ ਸਿੰਘ ਸੰਧੂ, ਸੁੱਖ ਧਾਲੀਵਾਲ ਮੈਂਬਰ ਪਾਰਲੀਮੈਂਟ ਸਰੀ (ਕੈਨੇਡਾ)ਤੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਹਰਪ੍ਰੀਤ ਸਿੰਘ ਸੰਧੂ ਵੀ ਸਾਡੇ ਅੰਗ ਸੰਗ ਸਨ।



# ਸੈਕਰਾਮੈਂਟੋ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਕਰਵਾਇਆ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਸਿੱਖ ਕੌਮ ਦਾ ਮਾਣ ਦਸਤਾਰ ਪ੍ਰਤੀ ਨੌਜਵਾਨਾਂ ਵਿਚ ਰੁਝਾਨ ਵਧਾਓਣ ਲਈ ਤੇ ਦਸਤਾਰਧਾਰੀ ਨੋਜਵਾਨਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰੋਡਕਸਨਜ਼ ਤੇ ਗਰਵ ਪੰਜਾਬ ਟੀਵੀ ਵੱਲੋਂ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਗੁਰਦਵਾਰਾ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿੱਖੇ ਕਰਵ-ਾਇਆ ਗਿਆ ਹੈ ਜਿਸ ਵਿੱਚ 7 ਸਾਲ ਤੋਂ 30 ਸਾਲ ਦੇ ਬੱਚੇ ਭਾਗ ਲਿਆ ਗਿਆ ਇਸ ਉਮਰ ਨੂੰ ਦੋ ਭਾਗਾਂ ਚ' ਵੰਡਿਆ ਗਿਆ ਇੱਕ ਬੈਚ ਚ' 7 ਸਾਲ ਤੋਂ 15 ਸਾਲ ਦੇ ਬੱਚੇ , ਜਿਨ੍ਹਾਂ ਨੂੰ ਪਹਿਲਾ ਇਨਾਮ 500 ਡਾਲਰ , ਦੂਜਾ 300 ਡਾਲਰ ਤੀਜਾ 200 ਡਾਲਰ ਦਿੱਤਾ ਗਿਆ , ਦੂਸਰੇ ਬੈਚ ਚ' 16 ਸਾਲ ਤੋਂ 30 ਸਾਲ ਦੇ ਬੱਚੇ ਸਨ ਜਿਹਨਾਂ ਨੂੰ ਪਹਿਲਾ ਇਨਾਮ 700 ਡਾਲਰ , ਦੂਜਾ 500 ਡਾਲਰ ਅਤੇ ਤੀਜਾ ਇਨਾਮ ਦੋ ਬੱਚਿਆਂ ਨੂੰ 300 - 300 ਡਾਲਰ ਗਿਆ ਅਤੇ ਮੁਕਬਲੇ ਵਿਚ ਭਾਗ ਲੈਣ ਵਾਲੇ ਹਰੇਕ ਬੱਚੇ ਨੂੰ ਸਰਟੀਫਿਕੇਟ ਦੇ ਕੇ ਮਾਣ ਸਨਮਾਨ ਕੀਤਾ ਗਿਆ ਮੁਕਾਬਲੇ ਤੋਂ ਪਹਿਲਾ ਮਿਤੀ 25 ,26 ,27 ,28 ਦਸੰਬਰ ਸ਼ਾਮ 4 ਵਜੇ ਤੋਂ ਰਾਤ 7 ਵਜੇ ਤੱਕ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਬੱਚਿਆਂ ਨੂੰ ਪੱਗ ਬੰਨਣ ਦੀ ਸਿਖਲਾਈ ਵੀ ਦਿੱਤੀ ਗਈ ਦਸਤਾਰ ਮੁਕਾਬਲੇ 'ਚ 7 ਤੋਂ 15 ਸਾਲ ਦੇ ਗਰੁੱਪ 'ਚੋਂ ਸੁੱਖਪ੍ਰੀਤ ਸਿੰਘ, ਪ੍ਰਭਜੀਤ ਸਿੰਘ ਤੇ ਮਹਿਕਦੀਪ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ,16 ਤੋਂ 30 ਸਾਲ ਦੇ ਗਰੁੱਪ 'ਚੋਂ ਰਣਬੀਰ ਸਿੰਘ ਸਿੱਧੂ ਨੇ ਪਹਿਲਾ, ਨਵਜੋਤ ਸਿੰਘ ਬਰਾੜ ਨੇ ਦੂਜਾ, ਸੁਖਦੀਪ ਸਿੰਘ, ਤੇ ਸੁਖਮਨ ਸਿੰਘ ਪੂਰਬਾ ਨੇ ਤੀਜਾ ਸਥਾਨ ਹਾਸਲ ਕੀਤਾ। ਅਖੀਰ ਚ ਪ੍ਰਬੰਧਕਾਂ ਵੱਲੋਂ ਬੱਚਿਆਂ, ਬੱਚਿਆਂ ਦੇ ਮਾਤਾ - ਪਿਤਾ, ਗੁਰਦਵਾਰਾ ਦਸਮੇਸ਼ ਦਰਬਾਰ ਦੀ ਪ੍ਰਬੰਧਕ ਕਮੇਟੀ, ਸਾਰੇ ਸਹਿਯੋਗੀਆਂ ਅਤੇ ਸਮੂੰਹ ਸੰਗਤ ਦਾ ਧੰਨਵਾਦ ਕੀਤਾ ਗਿਆ ਹੋਰਨਾ ਤੋਂ ਇਲਾਵਾ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੁਰਪਿੰਦਰ ਤੁੰਗ, ਜਗਦੇਵ ਸਿੰਘ ਭੰਡਾਲ, ਹਰਪ ਗਿੱਲ, ਸੁਖਵਿੰਦਰ ਸੰਘੇੜਾ, ਟੀ ਜੇ ਹੁੰਦਲ, ਹਰਵੀ ਕਾਹਲੋਂ, ਸਰਪੰਚ ਗੁਰਦੇਵ ਸਿੰਘ ਹੁੰਦਲ, ਸਿਮਰਜੀਤ ਸਿੰਘ , ਰਾਜਿੰਦਰ ਸਿੰਘ, ਗੁਰਪ੍ਰੀਤ ਸਿੰਘ ਸੰਧਰ ,ਕੈਪੀਟਲ ਸਰਵਿਸ ਸੈਕਰਾਮੈਂਟੋ, ਮੇਵਾ ਸਿੰਘ ਧਾਲੀਵਾਲ, ਸੁਖਜਿੰਦਰ ਝੱਟੂ, ਕੁਲਦੀਪ ਗਿੱਲ, ਹਰਮਨ ਸਿੰਘ, ਮਾਈਕ ਬੋਪਾਰਾਏ, ਸ਼ਿਕਾਗੋ ਪੀਜ਼ਾ, ਰੀਬੇਲ ਇੰਟਰਟੇਨਮੈਂਟ, ਪੰਜਾਬ ਮੇਲ, ਦੇਸੀ ਸਵੈਗ ਤੇ ਇੰਦਰਜੀਤ ਚੀਨਾ ਜਿਊਲਰਜ ਦਾ ਵਿਸ਼ੇਸ਼ ਯੋਗਦਾਨ ਰਿਹਾ।






Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਨੰਬਰ ਪਲੇਟਾਂ, ਮੂਲਵਾਸੀ ਅਤੇ ਪੰਜਾਬੀ!

ਟੈਲੀਵੀਜ਼ਨ ਸੀਰੀਜ਼ ਸਟਾਰ ਟਰੈਕ ਦੇ ਇੱਕ ਕਿਰਦਾਰ ਦਾ ਨਾਮ ਬੌਰਗ (Borg) ਹੈ ਜੋ ਆਪਣੇ ਦੁਸ਼ਮਣਾਂ ਨੂੰ ਚੇਤਾਵਨੀ ਦੇਣ ਦੇ ਇਰਾਦੇ ਨਾਲ ਵਾਰ 2 "you will be assimilated"' (ਤੁਹਾਡਾ ਰਲੇਵਾਂ ਕਰ ਲਿਆ ਜਾਵੇਗਾ) ਵਾਕ ਬੋਲਦਾ ਹੈ। ਇਹਨਾਂ ਸ਼ਬਦਾਂ ਨੂੰ ਉਹ ਪੁਲਾੜ ਤੋਂ ਆਏ ਪਰਜੀਵਾਂ (Aliens) ਲਈ ਬੋਲਦਾ ਹੈ ਜਿਹਨਾਂ ਨਾਲ ਉਸਦੀ ਮਨੁੱਖੀ ਹੋਂਦ ਨੂੰ ਬਚਾਉਣ ਲਈ ਲੜਾਈ ਹੋ ਰਹੀ ਹੈ। ਇਸ ਮਕਬੂਲ ਟੀ ਵੀ ਸੀਰੀਅਲ ਦੇ ਮੈਨੀਟੋਬਾ ਵਾਸੀ ਨਿੱਕ ਟਰੌਲਰ (Nick Troller) ਨਾਮਕ ਫੈਨ ਨੇ ਆਪਣੀ ਕਾਰ ਦੀ ਨੰਬਰ ਪਲੇਟ ASIMIL8 ਬਣਵਾ ਲਈ ਜਿਸਦਾ ਭਾਵ ਅੰਗਰੇਜ਼ੀ ਦਾ ਸ਼ਬਦ Assimilate ਰਲੇਵਾਂ ਬਣਦਾ ਹੈ। ਇਸ ਨੰਬਰ ਪਲੇਟ ਵਾਲੀ ਕਾਰ ਨੂੰ ਨਿੱਕ ਦੋ ਸਾਲ ਚਲਾਉਂਦਾ ਰਿਹਾ ਜਦੋਂ ਤੱਕ ਦੋ ਮੂਲਵਾਸੀਆਂ ਦੀ ਸ਼ਕਾਇਤ ਉੱਤੇ 2017 ਵਿੱਚ ਮੈਨੀਟੋਬਾ ਪਬਲਿਕ ਇਨਸ਼ੂਰੈਂਸ ਨੇ ਉਸਦੀ ਨੰਬਰ ਪਲੇਟ ਨੂੰ ਰੱਦ ਨਹੀਂ ਕਰ ਦਿੱਤਾ।

ਮੈਨੀਟੋਬਾ ਵਿੱਚ ਬੀਮਾ ਸਰਕਾਰੀ ਅਦਾਰੇ ਮੈਨੀਟੋਬਾ ਪਬਲਿਕ ਇਨਸ਼ੂਰੈਂਸ (Manitoba Public Insurnace, MPI) ਵੱਲੋਂ ਕੀਤਾ ਜਾਂਦਾ ਹੈ। ਮੂਲਵਾਸੀ ਸ਼ਿਕਾਇਤ ਕਰਤਾਵਾਂ ਦਾ ਇਤਰਾਜ਼ ਹੈ ਕਿ Assimilate ਸ਼ਬਦ ਸਾਨੂੰ ਉਸ ਪੂਰੇ ਦੇ ਪੂਰੇ ਇਤਿਹਾਸ ਦਾ ਚੇਤਾ ਕਰਵਾਉਂਦਾ ਹੈ ਜਿਸ ਵਿੱਚ ਉਹਨਾਂ ਨੂੰ ਆਪਣੇ ਰੀਤੀ ਰਿਵਾਜ, ਧਰਮ, ਸੰਸਕ੍ਰਿਤੀ, ਜੀਵਨ ਜਾਚ, ਜ਼ਮੀਨ ਜਾਇਦਾਦ ਗੁਆਉਣ ਦੀ ਕੀਮਤ ਉੱਤੇ ਵਿਦੇਸ਼ੀਆਂ ਭਾਵ ਅੰਗਰੇਜ਼ੀ ਸੱਭਿਆਚਾਰ ਦਾ ਹਿੱਸਾ ਬਣਨ ਲਈ ਮਜ਼ਬੂਰ ਕੀਤਾ ਗਿਆ। ਇਸ ਘਿਨਾਉਣੇ ਇਤਿਹਾਸ ਵਿੱਚ ਰੈਜ਼ੀਡੈਂਸ਼ੀਅਲ ਸਕੂਲਾਂ ਤੋਂ ਲੈ ਕੇ ਸਮੇਂ 2 ਉੱਤੇ ਘੜੇ ਗਏ ਅਨੇਕਾਂ ਗੈਰਮਨੁੱਖੀ ਕਨੂੰਨਾਂ ਕਾਰਣ ਹੋਈਆਂ ਮੌਤਾਂ ਅਤੇ ਹੋਰ ਅਣਹੋਣੀਆਂ ਦੀ ਕਹਾਣੀ ਸ਼ਾਮਲ ਹੈ।

ਦੂਜੇ ਪਾਸੇ ਨਿੱਕ ਦਾ ਆਖਣਾ ਹੈ ਕਿ ਬੇਸ਼ੱਕ ਉਹ ਮੂਲਵਾਸੀਆਂ ਦੇ ਤਰਕ ਨਾਲ ਸਹਿਮਤ ਹੈ ਪਰ ਉਸਨੇ ਜਿਸ ਭਾਵਨਾ ਨਾਲ ਨੰਬਰ ਪਲੇਟ ਹਾਸਲ ਕੀਤੀ ਸੀ, ਉਸਦਾ ਮੂਲਵਾਸੀਆਂ ਵੱਲੋਂ ਉਠਾਏ ਗਏ ਇਤਰਾਜ਼ਾਂ ਨਾਲ ਕੋਈ ਲੈਣ ਦੇਣ ਨਹੀਂ ਹੈ। ਉਸਨੇ MPI ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਅਦਾਲਤ ਵਿੱਚ ਮੁੱਕਦਮਾ ਦਾਇਰ ਕੀਤਾ ਹੈ। ਨਿੱਕ ਮੁਤਾਬਕ ਉਸਦੀ ਮਨਮਰਜ਼ੀ ਦੀ ਨੰਬਰ ਪਲੇਟ ਖੋਹ ਕੇ ਉਸਦੇ ਚਾਰਟਰ ਤਹਿਤ Freedom of expression ਦੇ ਅਧਿਕਾਰ ਨੂੰ ਦਰੜਿਆ ਜਾ ਰਿਹਾ ਹੈ। The Justice Centre for Constitutional Freedoms ਵੱਲੋਂ ਨਿੱਕ ਦੇ ਹੱਕ ਵਿੱਚ ਗੁਹਾਰ ਕੀਤੀ ਜਾ ਰਹੀ ਹੈ।

ਨੰਬਰ ਪਲੇਟਾਂ ਬਾਰੇ ਚੱਲਾ ਚਰਚਾ ਕੈਨੇਡਾ ਵਿੱਚ ਕੁੱਝ ਪੰਜਾਬੀ ਨੌਜਵਾਨਾਂ ਵੱਲੋਂ ਡਾਕੂ, ਬੰਦੂਕ, ਅਤਿਵਾਦੀ, ਪੀ ਕੇ ਟੂੱਨ (PKTUNN), ਪੀ ਕੇ 3 ਪੈੱਗ (PK3PEG), ਲੁੱਚਾ, ਅਮਲੀ, ਤੇਰਾ ਜੀਜਾ ਆਦਿ ਨੰਬਰ ਪਲੇਟਾਂ ਵੱਲ ਧਿਆਨ ਲੈ ਕੇ ਜਾਂਦੀ ਹੈ। ਅਜਿਹੀਆਂ ਕਾਰਾਂ ਖਾਸ ਕਰਕੇ ਉਹਨਾਂ ਸ਼ਹਿਰਾਂ ਵਿੱਚ ਵਧੇਰੇ ਪਾਈਆਂ ਜਾਂਦੀਆਂ ਹਨ ਜਿੱਥੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੀ ਗਿਣਤੀ ਵੱਧ ਹੈ। ਇਹ ਨੰਬਰ ਪਲੇਟਾਂ ਆਪਣੀ ਸੰਸਕ੍ਰਿਤੀ ਤੋਂ ਟੁੱਟੇ, ਮਾਪਿਆਂ ਤੋਂ ਦੂਰ, ਕੁਬਿਰਤੀ ਵਿੱਚੋਂ ਆਤਮਿਕ ਸਤੁੰਸ਼ਟੀ ਖੋਜ ਰਹੇ ਅੱਲੜ ਉਮਰ ਦੇ ਨੌਜਵਾਨਾਂ ਲਈ ਵਕਤੀ ਮਨੋਰੰਜਨ ਹੋ ਸਕਦਾ ਹੈ ਪਰ ਇਸਦੇ ਦੂਰਰਸ ਸਿੱਟੇ ਬਹੁਤ ਗਲਤ ਨਿਕਲ ਸਕਦੇ ਹਨ। ਹਲਕੇ ਟੇਸਟ ਵਾਲੇ ਗੀਤਾਂ ਨੂੰ ਪ੍ਰਣਾਏ ਇਹਨਾਂ ਬਹੁਤੇ ਨੌਜਵਾਨਾਂ ਨੂੰ ਸ਼ਾਇਦ ਇਹ ਵੀ ਪਤਾ ਨਾ ਹੋਵੇ ਕਿ ਚਾਰਟਰ ਬਲਾ ਕੀ ਹੁੰਦੀ ਹੈ ਅਤੇ ਕੈਨੇਡੀਅਨ ਨਾਗਰਿਕਾਂ ਵਜੋਂ ਸਾਡੀਆਂ ਕੀ ਜੁੰਮੇਵਾਰੀਆਂ ਬਣਦੀਆਂ ਹਨ। ਬ੍ਰਿਟਿਸ਼ ਕੋਲੰਬੀਆ ਵਿੱਚ the Insurance Corportation of BC (ICBC) ਵੱਲੋਂ ਅਜਿਹੀਆਂ ਨੰਬਰ ਪਲੇਟਾਂ ਨੂੰ ਨੱਥ ਪਾਉਣ ਲਈ ਕਦਮ ਚੁੱਕੇ ਜਾਣ ਦੀਆਂ ਖਬਰਾਂ ਆਈਆਂ ਹਨ ਪਰ ਉਂਟੇਰੀਓ ਵਿੱਚ ਹਾਲੇ ਕੋਈ ਹਿਲਜੁਲ ਨਹੀਂ ਹੋਈ ਹੈ। ਭਾਰਤ ਵਿੱਚ ਪੰਜਾਬ ਸਰਕਾਰ ਨੇ ਵੀ ਅਜਿਹੀਆਂ ਪਲੇਟਾਂ ਉੱਤੇ ਪਾਬੰਦੀ ਆਇਦ ਕਰਨ ਲਈ ਹੁਕਮ ਕਰ ਦਿੱਤੇ ਹਨ।

ਸਰਵਿਸ ਉਂਟੇਰੀਓ ਦੀ ਵੈੱਬਸਾਈਟ ਸਪੱਸ਼ਟ ਰੂਪ ਵਿੱਚ ਦੱਸਦੀ ਹੈ ਕਿ ਸ਼ਰਾਬ, ਹੋਰ ਨਸ਼ਿਆਂ, ਹਿੰਸਾ, ਸੈਕਸ, ਲੱਚਰ-ਪੁਣੇ ਆਦਿ ਦੀਆਂ ਨੰਬਰ ਪਲੇਟਾਂ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਸਰਵਿਸ ਉਂਟੇਰੀਓ ਅਤੇ ਕੈਨੇਡਾ ਦੀਆਂ ਹੋਰ ਪ੍ਰੋਵਿੰਸ਼ੀਅਲ ਅਥਾਰਟੀਆਂ ਲਈ ਇਹ ਸੋਚਣ ਦਾ ਵਕਤ ਹੈ ਕਿ ਅੰਗਰੇਜ਼ੀ ਜਾਂ ਫਰੈਂਚ ਭਾਸ਼ਾ ਤੋਂ ਇਲਾਵਾ ਨੰਬਰ ਪਲੇਟ ਦੀ ਦਰਖਾਸਤ ਤੋਂ ਪਹਿਲਾਂ ਉਸ ਸ਼ਬਦਾਵਲੀ ਦਾ ਤਸਦੀਕਸ਼ੁਦਾ ਉਲੱਥਾ ਮੁਹਈਆ ਕਰਨਾ ਲਾਜ਼ਮੀ ਬਣਾਇਆ ਜਾਵੇ। ਜੇ ਇੱਕ ASIMIL8 ਨੰਬਰ ਪਲੇਟ ਕਾਰਣ ਮਾਮਲਾ ਅਦਾਲਤ ਤੱਕ ਜਾ ਸਕਦਾ ਹੈ ਤਾਂ ਡਾਕੂ, ਬੰਦੂਕ, ਅਤਿਵਾਦੀ, ਪੀ ਕੇ ਟੂੱਨ (PKTUNN), ਪੀ ਕੇ 3 ਪੈੱਗ (PK3PEG), ਲੁੱਚਾ, ਅਮਲੀ, ਤੇਰਾ ਜੀਜਾ ਵਰਗੀਆਂ ਬੇਹੂਦਾ ਨੰਬਲ ਪਲੇਟਾਂ ਦੇ ਅਸਰ ਬਾਰੇ ਸੋਚਣਾ ਸਰਕਾਰ ਦੇ ਨਾਲ 2 ਕਮਿਉਨਿਟੀ ਦਾ ਵੀ ਫਰਜ਼ ਹੈ।

# ਕਿਊਬਿਕ ਤੋਂ ਲਾਪਤਾ ਮਹਿਲਾ ਦੀ ਮਾਂ ਨੂੰ ਉਸ ਦੇ ਸਹੀ ਸਲਾਮਤ ਮਿਲਣ ਦੀ ਆਸ

...ਪੰਨਾ 1 ਦਾ ਬਾਕੀ

ਐਡਿਥ ਬਲਾਇਸ ਦੀ ਮਾਂ ਜੋਸਲਿਨ ਬਰਜਰੌਨ ਨੇ ਦੱਸਿਆ ਕਿ ਪਿਛਲੇ ਮਹੀਨੇ ਜਦੋਂ ਉਸ ਨੂੰ ਪਤਾ ਲੱਗਿਆ ਕਿ ਉਸ ਦੀ ਬੇਟੀ ਤੇ ਉਸ ਦਾ ਬੁਆਏਫਰੈਂਡ ਲੂਕਾ ਟੈਚੈਟੋ ਅਫਰੀਕੀ ਦੇਸ਼ ਵਿੱਚ ਲਾਪਤਾ ਹੋ ਗਏ ਹਨ ਤਾਂ ਉਸ ਨੂੰ ਬਹੁਤ ਘਬਰਾਹਟ ਹੋਈ। ਪਰ ਉਸ ਨੇ ਆਖਿਆ ਕਿ ਉਹ ਆਪਣੀ ਸੋਚ ਸਕਾਰਾਤਮਕ ਰੱਖ ਰਹੀ ਹੈ। ਇੱਕ ਫੇਸਬੁੱਕ ਗਰੁੱਪ ਵਿੱਚ ਬਲਾਇਸ ਪਰਿਵਾਰ ਨੇ ਦੱਸਿਆ ਹੈ ਕਿ ਉਹ ਤੇ ਉਸ ਦਾ ਬੁਆਇਫਰੈਂਡ ਟੈਚੈਟੋ ਉਸ ਸਮੇਂ ਬੁਰਕੀਨਾ ਫਾਸੋ ਤੋਂ ਲੰਘ ਰਹੇ ਸਨ ਜਦੋਂ ਉਹ ਗਾਇਬ ਹੋ ਗਏ। ਉਨ੍ਹਾਂ ਦੇ ਪਰਿਵਾਰਾਂ ਦਾ 15 ਦਸੰਬਰ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ ਹੈ। ਉਸੇ ਦਿਨ ਹੀ ਬਲਾਇਸ ਨੇ ਆਪਣੇ ਸਫਰ ਦੀਆਂ ਤਸਵੀਰਾਂ ਆਨਲਾਈਨ ਸਾਂਝੀਆਂ ਕੀਤੀਆਂ ਸਨ।

ਸ਼ੇਰਬਰੁੱਕ, ਕਿਊਬਿਕ ਦੀ ਬਲਾਇਸ ਦੀ ਮੁਲਾਕਾਤ 30 ਸਾਲਾ ਟੈਚੈਟੋ ਨਾਲ ਦੋ ਸਾਲ ਪਹਿਲਾਂ ਹੋਈ ਸੀ। ਇੱਕ ਮਨੁੱਖਤਾਵਾਦੀ ਪ੍ਰੋਜੈਕਟ ਉੱਤੇ ਕੰਮ ਕਰਨ ਲਈ ਇਹ ਜੋੜਾ ਟੌਗੋ ਗਿਆ ਸੀ। ਉਨ੍ਹਾਂ ਨੇ 20 ਦਸੰਬਰ ਨੂੰ ਉੱਥੇ ਪਹੁੰਚਣਾ ਸੀ। ਬਰਜਰੌਨ ਦੀ ਆਪਣੀ ਬੇਟੀ ਨਾਲ ਆਖਰੀ ਵਾਰੀ ਗੱਲ ਉਸ ਸਮੇਂ ਹੋਈ ਸੀ ਜਦੋਂ ਉਹ ਮਾਲੀ ਵਿੱਚ ਸੀ। ਉਸ ਨੇ ਦੱਸਿਆ ਕਿ ਉਸ ਸਮੇਂ ਬਲਾਇਸ ਕਾਫੀ ਖੁਸ਼ ਲੱਗ ਰਹੀ ਸੀ। ਫੇਸਬੁੱਕ ਗਰੁੱਪ ਅਨੁਸਾਰ ਇਹ ਜੋੜਾ ਜਦੋਂ ਦੇਸ਼ ਦੇ ਦੂਜੇ ਸੱਭ ਤੋਂ ਵੱਡੇ ਸ਼ਹਿਰ ਬੋਬੋ-ਡਿਓਲਾਸੋ ਤੋਂ ਓਆਗਾਡੋਗੋਊ ਦੀ ਰਾਜਧਾਨੀ ਬੁਰਕੀਨਾ ਫਾਸੋ ਜਾ ਰਿਹਾ ਸੀ ਉਦੋਂ ਤੋਂ ਹੀ ਅਚਾਨਕ ਉਨ੍ਹਾਂ ਦਾ ਸੰਪਰਕ ਆਪਣੇ ਪਰਿਵਾਰਾਂ ਨਾਲ ਟੁੱਟ ਗਿਆ। ਇਸ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ ਕਿ ਇਸ ਜੋੜੇ ਨੇ ਨਾਲ ਲੱਗਦੇ ਟੋਗੋ ਦੀ ਹੱਦ ਪਾਰ ਕਰ ਲਈ ਹੋਵੇ। ਬਰਜਰੌਨ ਨੇ ਆਖਿਆ ਕਿ ਜੋੜੇ ਦੇ ਲਾਪਤਾ ਹੋਣ ਤੋਂ ਪਹਿਲਾਂ ਹੀ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਸੀ ਕਿ ਉਨ੍ਹਾਂ ਇੱਕ ਜੰਗਲ ਪਾਰ ਕਰਨਾ ਸੀ ਤੇ ਵੈਸੇ ਵੀ ਉਨ੍ਹਾਂ ਨਾਲ ਉਨ੍ਹਾਂ ਦਾ ਸੰਪਰਕ ਟੁੱਟ ਜਾਣਾ ਸੀ। ਪਰ ਉਨ੍ਹਾਂ ਆਖਿਆ ਕਿ ਸਾਨੂੰ ਉਨ੍ਹਾਂ ਦੇ ਜਿਊਂਦੇ ਤੇ ਸਹੀ ਸਲਾਮਤ ਮਿਲਣ ਦੀ ਪੂਰੀ ਆਸ ਹੈ। ਗਲੋਬਲ ਅਫੇਅਰਜ਼ ਕੈਨੇਡਾ ਵੀ 30 ਦਸੰਬਰ ਤੋਂ ਹੀ ਪਰਿਵਾਰ ਦੇ ਸੰਪਰਕ ਵਿੱਚ ਹੈ। ਇਸ ਜੋੜੇ ਦੀ ਭਾਲ ਲਈ ਬੁਰਕੀਨਾ ਫਾਸੋ ਦੇ ਅਧਿਕਾਰੀਆਂ ਨਾਲ ਕੈਨੇਡੀਅਨ ਕਾਉਂਸਲਰ ਲਗਾਤਾਰ ਰਾਬਤਾ ਰੱਖ ਰਹੇ ਹਨ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਕਾਰ ਸਵਾਰ ਲੁਟੇਰਿਆਂ ਨੇ ਫਾਈਨਾਂਸ ਦੇ ਮੁਲਾਜ਼ਮਾਂ ਤੋਂ 9 ਲੱਖ 99 ਹਜ਼ਾਰ ਰੁਪਏ ਲੁੱਟੇ

ਮਲੋਟ, 6 ਜਨਵਰੀ (ਪੋਸਟ ਬਿਊਰੋ)- ਸਥਾਨਕ ਦਵਿੰਦਰਾ ਰੋਡ 'ਤੇ ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਜਾ ਰਹੇ ਫਾਈਨਾਂਸ ਕੰਪਨੀ ਦੇ ਕਰਮਚਾਰੀਆਂ ਤੋਂ ਕਾਰ ਸਵਾਰ ਲੁਟੇਰੇ 9 ਲੱਖ 99 ਹਜ਼ਾਰ ਰੁਪਏ ਲੁੱਟ ਕੇ ਫਰਾਰ ਹੋ ਗਏ। ਇਸ ਬਾਰੇ ਸਥਾਨਕ ਬੱਸ ਸਟੈਂਡ ਦੇ ਨਾਲ ਗੁਰੂ ਰਾਮਦਾਸ ਵਾਲੀ ਗਲੀ ਵਿੱਚ ਭਾਰਤ ਫਾਈਨਾਂਸ ਇਨਕਲੂਜ਼ਨ ਦੇ ਬਰਾਂਚ ਮੈਨੇਜਰ ਇੰਦਰਾਲ ਵਿਸ਼ਵਕਰਮਾ ਨੇ ਦੱਸਿਆ ਕਿ ਉਹ ਕੰਪਨੀ 'ਚ ਹੀ ਕੰਮ ਕਰਦੇ ਆਪਣੇ ਸਾਥੀ ਬਲਕਾਰ ਸਿੰਘ ਦੇ ਨਾਲ ਕੰਪਨੀ ਦਫਤਰ ਤੋਂ ਮੋਟਰ ਸਾਈਕਲ ਰਾਹੀਂ 9 ਲੱਖ 99 ਹਜ਼ਾਰ ਲੈ ਕੇ ਦਵਿੰਦਰਾ ਰੋਡ 'ਤੇ ਜਾ ਰਹੇ ਸੀ, ਬਲਕਾਰ ਸਿੰਘ ਮੋਟਰ ਸਾਈਕਲ ਚਲਾ ਰਿਹਾ ਸੀ ਤੇ ਮੈਂ ਪਿੱਛੇ ਬੈਠਾ ਸੀ। ਇਸ ਦੌਰਾਨ ਦਵਿੰਦਰਾ ਰੋਡ ਦੀ ਗਲੀ ਨੰਬਰ ਚਾਰ 'ਚ ਅੰਸ਼ ਬਿਊਟੀ ਹਾਊਸ ਦੇ ਸਾਹਮਣੇ ਪਹੁੰਚੇ ਤਾਂ ਪਿੱਛੋਂ ਇਕ ਕਾਰ ਆਈ ਅਤੇ ਇਸ ਵਿੱਚੋਂ ਦੋ ਨੌਜਵਾਨ ਨਿਕਲੇ, ਜਿਨ੍ਹਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ। ਇਨ੍ਹਾਂ 'ਚੋਂ ਇਕ ਜਣੇ ਨੇ ਪਿਸਤੌਲ ਕੱਢਿਆ ਅਤੇ ਗਾਲਾਂ ਕੱਢਦੇ ਹੋਏ ਮੈਨੂੰ ਮੋਟਰ ਸਾਈਕਲ ਤੋਂ ਥੱਲੇ ਸੁੱਟ ਦਿੱਤਾ ਅਤੇ ਮੇਰੇ ਪਿੱਛੇ ਟੰਗਿਆ ਹੋਇਆ ਪੈਸਿਆਂ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ। ਲੋਕਾਂ ਨੇ ਦੱਸਿਆ ਕਿ ਲੁਟੇਰਿਆਂ ਵੱਲੋਂ ਵਰਤੀ ਗਈ ਕਾਰ ਆਲਟੋ ਸੀ। ਸੀ ਸੀ ਟੀ ਵੀ ਫੁਟੇਜ਼ ਦੇਖਣ 'ਤੇ ਚਾਹੇ ਕਾਰ ਵਿੱਚ ਤਿੰਨ ਲੁਟੇਰੇ ਹੋਣ ਦਾ ਪਤਾ ਚੱਲ ਰਿਹਾ ਹੈ, ਪਰ ਅਜਿਹਾ ਲੱਗ ਰਿਹਾ ਸੀ ਕਿ ਕਾਰ ਦੇ ਅੱਗੇ ਮੋਟਰ ਸਾਈਕਲ 'ਤੇ ਵੀ ਲੁਟੇਰਿਆਂ ਦੇ ਦੋ ਸਾਥੀ ਸਨ। ਇਸ ਘਟਨਾ ਦਾ ਪਤਾ ਚੱਲਦੇ ਸਾਰ ਡੀ ਐਸ ਪੀ ਭੁਪਿੰਦਰ ਸਿੰਘ, ਥਾਣਾ ਸਿਟੀ ਮੁਖੀ ਤੇਜਿੰਦਰਪਾਲ ਸਿੰਘ ਮੌਕੇ 'ਤੇ ਪਹੁੰਚ ਗਏ ਅਤੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ਼ ਦੇਖਦੇ ਹੋਏ ਲੁਟੇਰਿਆਂ ਨੂੰ ਕਾਬੂ ਕਰਨ ਦੇ ਲਈ ਪੁਲਸ ਕਰਮਚਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਹੋਏ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਭਾਜਪਾ ਨੇ ਲੋਕ ਸਭਾ ਚੋਣਾਂ ਮੁੱਖ ਰੱਖ ਕੇ ਨੌਂ ਰਾਜਾਂ ਲਈ ਇੰਚਾਰਜ ਨਿਯੁਕਤ ਕੀਤੇ

ਨਵੀਂ ਦਿੱਲੀ, 5 ਜਨਵਰੀ, (ਪੋਸਟ ਬਿਊਰੋ)- ਭਾਰਤ ਵਿੱਚ ਅਗਲੇ ਮਹੀਨਿਆਂ ਦੌਰਾਨ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਭਾਰਤੀ ਜਨਤਾ ਪਾਰਟੀ ਨੇ ਕਈ ਰਾਜਾਂ ਦੇ ਇੰਚਾਰਜ ਅਤੇ ਕੋ-ਇੰਚਾਰਜ ਦੀਆਂ ਨਵੀਂਆਂ ਨਿਯੁਕਤੀਆਂ ਕਰ ਦਿੱਤੀਆਂ ਹਨ। ਜਿਹੜੇ ਰਾਜਾਂ ਦੇ ਨਵੇਂ ਇੰਚਾਰਜ ਅਤੇ ਕੋ-ਇੰਚਾਰਜ ਲਾਏ ਹਨ, ਉਨ੍ਹਾਂ ਵਿੱਚ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਜੰਮੂ-ਕਸ਼ਮੀਰ, ਕਰਨਾਟਕ, ਤਾਮਿਲ ਨਾਡੂ, ਪੁਦੂਚੇਰੀ, ਅੰਡੇਮਾਨ-ਨਿਕੋਬਾਰ ਤੇ ਤ੍ਰਿਪੁਰਾ ਸ਼ਾਮਲ ਹਨ।

ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਭਾਜਪਾ ਨੇ ਉੱਤਰ ਪ੍ਰਦੇਸ਼ ਵਿੱਚ ਇਕ ਹੋਰ ਇੰਚਾਰਜ ਲਾਇਆ ਹੈ। ਪਹਿਲਾਂ ਏਥੇ ਪਾਰਟੀ ਦਾ ਇੱਕ ਇੰਚਾਰਜ ਮੌਜੂਦ ਸੀ, ਉਸ ਦੇ ਨਾਲ ਗੋਵਰਧਨ ਝੜਫੀਆ ਨੂੰ ਵੀ ਇਸ ਰਾਜ ਦਾ

*** ਅਵਿਨਾਸ਼ ਖੰਨਾ ਨੂੰ ਜੰਮੂ-ਕਸ਼ਮੀਰ ਸੌਂਪਿਆ ਗਿਆ**

ਇੰਚਾਰਜ ਲਾ ਦਿੱਤਾ ਗਿਆ ਹੈ, ਜਦ ਕਿ ਨਰੋਤਮ ਮਿਸ਼ਰਾ ਨੂੰ ਵੀ ਕੋ-ਇੰਚਾਰਜ ਲਾਇਆ ਗਿਆ ਹੈ। ਵਰਨਣ ਯੋਗ ਹੈ ਕਿ ਉੱਤਰ ਪ੍ਰਦੇਸ਼ ਲੋਕ ਸਭਾ ਚੋਣਾਂ ਦੇ ਲਿਹਾਜ ਨਾਲ ਬੇਹੱਦ ਮਹੱਤਵ ਪੂਰਨ ਰਾਜ ਹੈ। ਇਸ ਵਿੱਚ ਲੋਕ ਸਭਾ ਦੀਆਂ 80 ਸੀਟਾਂ ਹਨ।

ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸੈਕਟਰੀ ਵੱਲੋਂ ਜਾਰੀ ਕੀਤੇ ਪ੍ਰੈੱਸ ਨੋਟ ਮੁਤਾਬਕ ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੂੰ ਤਾਮਿਲ ਨਾਡੂ ਦੇ ਨਾਲ ਪੁਦੂਚੇਰੀ ਤੇ ਅੰਡੇਮਾਨ ਨਿਕੋਬਾਰ ਦਾ ਚਾਰਜ ਵੀ ਸੌਂਪਿਆ ਗਿਆ ਹੈ। ਉਸ ਦੇ ਨਾਲ ਸੀ ਟੀ ਰਵੀ ਨੂੰ ਕੋ-ਇੰਚਾਰਜ ਬਣਾਇਆ ਗਿਆ ਹੈ। ਦਿੱਲੀ ਦੇ ਲਈ ਇੰਚਾਰਜ ਰੱਖਿਆ ਨਿਰਮਲਾ ਸੀਤਾਰਮਣ ਅਤੇ ਜੈ ਭਾਨ ਰਵਾਇਆ ਨੂੰ ਵੀ ਲਾਇਆ ਗਿਆ ਹੈ। ਹਰਿਆਣਾ ਵਿੱਚ ਕਲਰਾਜ ਮਿਸ਼ਰਾ ਨੂੰ ਇੰਚਾਰਜ ਅਤੇ ਵਿਸ਼ਵਾਸ਼ ਸਾਰੰਗ ਨੂੰ ਕੋ-ਇੰਚਾਰਜ ਬਣਾਇਆ ਗਿਆ ਹੈ। ਤ੍ਰਿਪੁਰਾ ਅਤੇ ਜੰਮੂ ਕਸ਼ਮੀਰ ਦਾ ਚਾਰਜ ਪੰਜਾਬ ਦੇ ਹੁਸ਼ਿਆਰਪੁਰ ਹਲਕੇ ਨਾਲ ਸੰਬੰਧਤ ਅਵਿਨਾਸ਼ ਰਾਏ ਖੰਨਾ ਨੂੰ ਸੌਂਪਿਆ ਗਿਆ ਹੈ। ਕਰਨ-ਾਟਕ ਵਿੱਚ ਮੁਰਲੀਧਰ ਰਾਓ ਤੇ ਕਿਰਨ ਮਹੇਸ਼ਵਰੀ ਨੂੰ ਇੰਚਾਰਜ ਅਤੇ ਕੋ-ਇੰਚਾਰਜ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਭਾਜਪਾ ਨੇ 17 ਰਾਜਾਂ ਦੇ ਲਈ ਇੰਚਾਰਜ ਅਤੇ ਕੋ-ਇੰਚਾਰਜਾਂ ਦੀ ਨਿਯੁਕਤੀ ਕੀਤੀ ਸੀ ਅਤੇ ਅੱਜ ਵਾਲੀਆਂ ਨਿਯੁਕਤੀਆਂ ਦੇ ਬਾਅਦ ਕੁਝ ਹੋਰ ਵੀ ਬਦਲੇ ਜਾ ਸਕਦੇ ਹਨ।

# ਸਿਆਸਤਦਾਨਾਂ ਨੂੰ ਆਲੋਚਨਾ ਸਵੀਕਾਰ ਕਰਨੀ ਸਿੱਖਣ ਦਿਓ

-ਕਰਣ ਥਾਪਰ

ਨਵੇਂ ਵਰ੍ਹੇ 2019 ਦਾ ਆਗਾਜ਼ ਹੋ ਚੁੱਕਾ ਹੈ ਅਤੇ ਅਸੀਂ ਅਜੇ ਵੀ ਇੱਕ ਅਜਿਹੇ ਬਿੰਦੂ 'ਤੇ ਹਾਂ, ਜਿੱਥੇ ਉਮੀਦ ਕਰ ਸਕਦੇ ਹਾਂ ਕਿ ਨਵਾਂ ਸਾਲ ਪਿਛਲੇ ਸਾਲ ਤੋਂ ਬਿਹਤਰ ਹੋਵੇਗਾ। ਹਾਲਾਂਕਿ ਕੁਝ ਹਫਤਿਆਂ 'ਚ ਅਜਿਹੀਆਂ ਉਮੀਦਾਂ ਨਿਰਾਸ਼ਾ ਜਨਕ ਸਿੱਧ ਹੋਣਗੀਆਂ, ਅਸਲੀਅਤ ਸਾਡੇ ਸਾਹ-ਮਣੇ ਹੋਵੇਗੀ ਤੇ ਸਾਡੀਆਂ ਇੱਛਾਵਾਂ ਛਟਪਟਾਉਣ ਲੱਗਣਗੀਆਂ, ਪਰ ਅੱਜ ਮੈਂ ਇੱਕ ਸਵਾਲ ਪੁੱਛਾਂਗਾ ਕਿ 'ਤੁਸੀਂ ਭਾਰਤ ਦੇ ਸਿਆਸਤਦਾਨਾਂ ਤੋਂ ਕੀ ਉਮੀਦ ਕਰਦੇ ਹੋ?'

ਮੇਰਾ ਜਵਾਬ ਸਾਧਾਰਨ ਹੈ। ਉਨ੍ਹਾਂ ਨੂੰ ਆਲੋਚਨਾ ਸਵੀਕਾਰ ਕਰਨੀ ਸਿੱਖਣ ਦਿਓ। ਇਹ ਗਲਤ ਹੋ ਸਕਦਾ ਹੈ ਅਤੇ ਪੱਖ-ਪਾਤੀ ਵੀ, ਪਰ ਸਾਨੂੰ ਭਾਰਤ ਦੇ ਲੋਕਾਂ ਨੂੰ ਉਨ੍ਹਾਂ ਦੀ ਆਲੋਚਨਾ ਕਰਨ ਦਾ ਅਧਿਕਾਰ ਹੈ, ਜਿਨ੍ਹਾਂ ਨੂੰ ਅਸੀਂ ਚੁਣਿਆ ਹੈ। ਚੋਣਾਂ ਮੌਕੇ ਉਨ੍ਹਾਂ ਨੂੰ ਜ਼ਮੀਨ 'ਤੇ ਲਿਆਉਣ ਦਾ ਇਹੋ ਇੱਕ ਤਰੀਕਾ ਹੈ, ਨਹੀਂ ਤਾਂ ਉਹ ਉਪਰ ਉਡਦੇ ਹੋਏ ਸਾਨੂੰ ਗੁਲਾਮੀ 'ਚ ਰੱਖਣਗੇ। ਪਿਛਲੇ ਸਾਲ ਦੇ ਆਖਰੀ ਦਿਨਾਂ ਵਿੱਚ ਦੋ ਵੱਖ-ਵੱਖ ਵਾਪਰੀਆਂ ਅਹਿਮ ਘਟਨਾਵਾਂ ਨੇ ਮੈਨੂੰ ਇਹ ਮੰਨਣ ਨੂੰ ਮਜਬੂਰ ਕਰ ਦਿੱਤਾ ਕਿ ਇਹ ਇੱਕ ਅਜਿਹੀ ਚੀਜ਼ ਹੈ, ਜਿਸ ਨੂੰ ਸਾਡੇ ਨੇਤਾ ਸਵੀਕਾਰ ਨਹੀਂ ਕਰ ਸਕਦੇ।

ਦਸੰਬਰ 'ਚ ਮਣੀਪੁਰ ਸਰਕਾਰ ਨੇ 29 ਸਾਲਾ ਕਿਸ਼ੋਰ ਚੰਦਰ ਵਾਂਗਖੇਮ ਨੂੰ ਸੂਬੇ ਦੇ ਮੁੱਖ ਮੰਤਰੀ ਦੀ ਆਲੋਚ-ਨਾ ਕਰਨ ਲਈ ਕੌਮੀ ਸੁਰੱਖਿਆ ਕਾਨੂੰਨ ਹੇਠ ਗ੍ਰਿਫਤਾਰ ਕਰ ਲਿਆ। ਉਸ ਨੇ ਅਜਿਹਾ ਕੀ ਕਿਹਾ ਸੀ, ਜੋ ਸਹਿਣ ਯੋਗ ਨਹੀਂ ਸੀ ਤੇ ਉਸ ਨੂੰ ਗ੍ਰਿਫਤਾਰ ਕਰਨਾ ਪਿਆ? ਉਸ ਨੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਦੀ 'ਕਠਪੁਤਲੀ' ਦੱਸਿਆ ਸੀ। ਉਸ ਨੇ ਇਹ ਕਿਉਂ ਕਿਹਾ? ਇਸ ਲਈ ਕਿ ਉਸ ਨੇ ਸਰਕਾਰ ਵੱਲੋਂ ਰਾਣੀ ਝਾਂਸੀ ਦੇ ਸਨਮਾਨ 'ਚ ਸਮਾਗਮ ਕਰਨ ਦੇ ਫੈਸਲੇ ਦਾ ਵਿਰੋਧ ਕੀਤਾ ਸੀ, ਜਿਸ ਬਾਰੇ ਉਸ ਦਾ ਮੰਨਣਾ ਸੀ ਕਿ ਅੰਗਰੇਜ਼ਾਂ ਵਿਰੁੱਧ ਮਣੀਪੁਰ ਦੇ ਸੰਘਰਸ਼ ਨਾਲ ਰਾਣੀ ਝਾਂਸੀ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਅਜਿਹਾ ਕਹਿਣ ਲਈ ਕਿਸ਼ੋਰ ਚੰਦਰ ਨੂੰ ਬਿਨਾਂ ਕੇਸ ਚਲਾਏ 12 ਮਹੀਨਿਆਂ ਤੱਕ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਸੀ।

ਇਸ ਤੋਂ ਪਹਿਲਾਂ ਕੋਣਾਰਕ ਮੰਦਰ ਦੀ ਆਲੋਚਨਾ ਕਰਨ, ਰਸਗੁੱਲਾ ਉੜੀਸਾ ਮੂਲ ਦਾ ਹੋਣ ਉਤੇ ਸਵਾਲ ਉਠਾਉਣ ਅਤੇ ਸੂਬੇ ਦੇ ਵਿਧਾਇਕਾਂ ਪ੍ਰਤੀ ਅਪਮਾਨ ਜਨਕ ਟਿੱਪਣੀਆਂ ਕਰਨ ਦੀ ਹਿੰਮਤ ਕਰਨ ਲਈ ਅਭਿਜੀਤ ਅਈਅਰ-ਮਿਤਰਾ ਨੂੰ ਅਕਤੂਬਰ ਵਿੱਚ ਗ੍ਰਿਫਤਾਰ ਕਰ ਕੇ ਉੜੀਸਾ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ। ਇਸ ਘਟਨਾ ਵਿੱਚ ਸੁਪਰੀਮ ਕੋਰਟ ਨੇ ਵੀ ਆਪਣੀ ਸਮਾਨ ਅਨੁਪਾਤ ਦੀ ਭਾਵਨਾ ਦਾ ਖਿਆਲ ਨਹੀਂ ਰੱਖਿਆ। ਜਦੋਂ ਅਈਅਰ-ਮਿਤਰਾ ਨੇ ਇਹ ਦਲੀਲ ਦਿੰਦਿਆਂ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਕਿ ਜੇਲ੍ਹ ਵਿੱਚ ਉਸ ਦੀ ਜਾਨ ਨੂੰ ਖਤਰਾ ਹੈ ਤਾਂ ਇਸ ਬਾਰੇ ਅਦਾਲਤ ਦੀ ਪ੍ਰਤੀਕਿਰਿਆ ਇਹ ਸੀ ਕਿ ਇਸ ਮਾਮਲੇ ਵਿੱਚ ਜੇਲ੍ਹ ਤੋਂ ਚੰਗੀ ਜਗ੍ਹਾ ਕੋਈ ਨਹੀਂ।

ਆਪਣੇ ਸਮੇਂ ਵਿੱਚ ਕਾਂਗਰਸੀ ਸਰਕਾਰਾਂ ਵੀ ਵੱਖਰੀਆਂ ਨਹੀਂ ਸਨ। 25 ਸਾਲਾ ਅਸੀਮ ਤ੍ਰਿਵੇਦੀ ਨੂੰ ਮੁੰਬਈ ਪੁਲਸ ਨੇ ਸਿਰਫ ਇਸ ਲਈ ਗ੍ਰਿਫਤਾਰ ਕਰ ਲਿਆ ਸੀ ਕਿ ਉਸ ਨੇ ਆਪਣੇ ਕਾਰਟੂਨਾਂ 'ਚ ਪਾਰਲੀਮੈਂਟ ਭਵਨ ਨੂੰ ਇੱਕ ਟਾਇਲਟ ਸੀਟ ਵਜੋਂ ਦਿਖਾਇਆ ਸੀ। ਓਦੋਂ ਦੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਨੇ ਕਿਹਾ ਸੀ ਕਿ ਕਾਰਟੂਨਿਸਟਾਂ ਨੂੰ ਸੰਵਿਧਾਨਕ ਮਾਪਦੰਡਾਂ ਦੇ ਦਾਇਰੇ 'ਚ ਰਹਿਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਕੌਮੀ ਪ੍ਰਤੀਕਾਂ ਨੂੰ ਕਾਰਟੂਨ ਦੀ ਵਸਤੂ ਨਹੀਂ ਬਣਾਉਣਾ ਚਾਹੀਦਾ। ਕਿਉਂ ਨਹੀਂ? ਅਸੀਂ ਆਪਣੇ ਨੇਤਾਵਾਂ ਉੱਤੇ ਵਿਅੰਗ ਕਰ ਸਕਦੇ ਹਾਂ? ਉਨ੍ਹਾਂ ਦਾ ਮਜ਼ਾਕ ਉਡਾ ਸਕਦੇ ਹਾਂ? ਯਕੀਨੀ ਤੌਰ 'ਤੇ, ਅਸੀਂ ਉਨ੍ਹਾਂ ਪ੍ਰਤੀ ਰੁੱਖੇ ਕਿਉਂ ਨਹੀਂ ਹੋ ਸਕਦੇ? ਅੰਗਰੇਜ਼ ਆਪਣੀ ਰਾਣੀ ਦਾ ਮਜ਼ਾਕ ਉਡਾਉਂਦੇ ਸਨ ਅਤੇ ਯੂਨੀਅਨ ਜੈਕ (ਬ੍ਰਿਟੇਨ ਦਾ ਕੌਮੀ ਝੰਡਾ) ਨੂੰ ਜੁਰਾਬਾਂ ਅਤੇ ਕੱਛੇ ਉੱਤੇ ਛਪਵਾਉਂਦੇ ਸਨ ਅਤੇ ਇਸ ਨੂੰ ਇੱਕ ਆਮ ਮਜ਼ਾਕ ਵਜੋਂ ਲਿਆ ਜਾਂਦਾ ਸੀ। ਡੋਨਾਲਡ ਟਰੰਪ ਪ੍ਰਤੀ ਆਪਣੇ ਰਵੱਈਏ 'ਚ ਅਮਰੀਕੀ ਲੋਕ ਬਹੁਤ ਬੇਰਹਿਮ ਹਨ। ਉਹ ਆਪਣੇ ਰਾਸ਼ਟਰਪਤੀ ਨੂੰ ਪਸੰਦ ਨਹੀਂ ਕਰਦੇ, ਪਰ ਰਾਸ਼ਟਰਪਤੀ ਉਨ੍ਹਾਂ ਨੂੰ ਜੇਲ ਭੇਜਣ ਦੀ ਧਮਕੀ ਦੇਣ ਦੀ ਹਿੰਮਤ ਨਹੀਂ ਕਰਦੇ, ਪਰ ਜੇ ਤੁਸੀਂ ਆਪਣੇ ਪਾਖੰਡੀ ਨੇਤਾਵਾਂ ਜਾਂ ਅਧਿਕਾਰੀਆਂ ਬਾਰੇ ਚੁਟਕਲੇ ਸੁਣਾਓ ਜਾਂ ਉਨ੍ਹਾਂ ਦਾ ਮਜ਼ਾਕ ਉਡਾਓ ਤਾਂ ਜੇਲ ਜਾ ਸਕਦੇ ਹੋ।

ਜਸਟਿਸ ਮਾਰਕੰਡੇ ਕਾਟਜੂ ਜਦੋਂ ਪ੍ਰੈਸ ਕੌਂਸਲ ਦੇ ਪ੍ਰਧਾਨ ਸਨ ਤਾਂ ਉਨ੍ਹਾਂ ਕਿਹਾ ਸੀ 'ਸਿਆਸਤਦਾਨਾਂ ਨੂੰ ਜ਼ਰੂਰ ਹੀ ਸਹਿਣਸ਼ੀਲ ਹੋਣਾ ਚਾਹੀਦਾ ਹੈ। ਇਹ ਤਾਨਾਸ਼ਾਹੀ ਨਹੀਂ ਹੈ।' ਉਦੋਂ ਉਨ੍ਹਾਂ ਨੂੰ ਕਿਸੇ ਨੇ ਨਹੀਂ ਸੁਣਿਆ ਅਤੇ ਯਕੀਨੀ ਤੌਰ ਉੱਤੇ ਅੱਜ ਵੀ ਨਹੀਂ। ਫਿਰ ਵੀ ਅਸੀਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਦੇ ਹਾਂ। ਆਕਾਰ ਦੇ ਲਿਹਾਜ਼ ਨਾਲ ਬੇਸ਼ੱਕ ਅਸੀਂ ਵੱਡੇ ਹਾਂ, ਪਰ ਜੇ ਭਾਵਨਾ ਦੀ ਗੱਲ ਕਰੀਏ ਤਾਂ ਅਸੀਂ ਇਹ ਮਹਿਸੂਸ ਕੀਤਾ ਕਿ 'ਅਸੀਂ ਕੀ ਕਰ ਰਹੇ ਹਾਂ', ਖੁਦ ਨਾਲ ਧੋਖਾ ਕਰਾਂਗੇ। ਇਸ ਲਈ ਮੈਂ ਆਪਣੇ ਸਿਆਸਤਦਾਨਾਂ ਨੂੰ, ਉਹ ਕਾਂਗਰਸੀ ਹੋਣ ਜਾਂ ਭਾਜਪਾ ਦੇ ਜਾਂ ਖੇਤਰੀ ਪਾਰਟੀਆਂ ਦੇ, ਕਹਿੰਦਾ ਹਾਂ ਕਿ ਮੇਰੇ ਲੋਕਤੰਤਰ ਨੂੰ ਮਹਾਨ ਬਣਾਓ। ਅਗਲੀ ਵਾਰ ਤੁਹਾਡੇ ਦੇਸ਼ ਵਾਸੀ ਤੁਹਾਡੀ ਨਿੰਦਾ ਕਰਨ, ਤੁਹਾਡੇ ਚਿਹਰੇ 'ਤੇ ਹੱਸਣ ਤਾਂ ਜੇ ਤੁਹਾਡੇ ਦੰਦ ਸੋਹਣੇ ਨਾ ਵੀ ਹੋਣ ਤਾਂ ਵੀ ਚੰਗੀ ਤਰ੍ਹਾਂ ਮੁਸਕਰਾਉਣਾ ਸਿੱਖੋ। ਕੋਈ ਵੀ ਚੀਜ਼ ਭਾਰਤੀ ਲੋਕਤੰਤਰ ਨੂੰ ਇੰਨਾ ਖੋਖਲਾ ਨਹੀਂ ਬਣਾਉਂਦੀ, ਜਿੰਨੀ ਆਲੋਚਨਾ ਪ੍ਰਤੀ ਤੁਹਾਡੀ ਅਸਹਿਣਸ਼ੀਲਤਾ। ਦੂਜੇ ਪਾਸੇ ਜੇ ਤੁਸੀਂ ਹਾਸੇ ਦੀ ਭਾਵਨਾ ਅਪਣਾ ਸਕੋ ਤਾਂ ਤੁਹਾਡੇ ਹੋਰ ਜ਼ਿਆਦਾ ਮਿੱਤਰ ਹੋਣਗੇ।

# ਮਿੰਨੀ ਕਹਾਣੀਆਂ

## ਵਗਾਰ

-ਅੰਮ੍ਰਿਤ ਬਰਨਾਲਾ

ਦਲਬਾਰੇ ਨੂੰ ਸਵੇਰੇ ਦੇ ਸਮੇਂ ਕਦੇ ਪਿੰਡ ਦੀਆਂ ਸੜਕਾਂ 'ਤੇ ਅਤੇ ਕਦੇ ਖਤੇ ਦੀਆਂ ਵੱਟਾਂ 'ਤੇ ਭਜਦੇ ਵੇਖ ਕੇ ਪਿੰਡ ਦੇ ਲੋਖ ਖੁਸ਼ ਹੁੰਦੇ। ਲੋਕਾਂ ਨੂੰ ਪਤਾ ਲੱਗ ਗਿਆ ਕਿ ਉਹ ਪੁਲਸ ਵਿੱਚ ਭਰਤੀ ਦੀ ਤਿਆਰੀ ਕਰ ਰਿਹਾ ਹੈ। ਕਦੇ ਚਾਚਾ, ਕਦੇ ਤਾਇਆ, ਕਦੇ ਮਾਸੀ ਅਤੇ ਕਦੇ ਕੋਈ ਆੜੀ ਘਰ ਅੱਗੋਂ ਲੰਘਣ 'ਤੇ ਉਸ ਨੂੰ ਪਾਣੀ ਪੁੱਛਦਾ ਅਤੇ ਕਦੇ ਕੋਈ ਧੱਕੇ ਨਾਲ ਦੁੱਧ ਪਿਆ ਛੱਡਦਾ। ਉਸ ਦੀ ਮਿਹਨਤ ਨੂੰ ਬੂਰ ਪਿਆ ਤੇ ਦਲਬਾਰਾ ਪੁਲਸ ਵਿੱਚ ਭਰਤੀ ਹੋ ਗਿਆ। ਪਿੰਡ ਵਾਲਿਆਂ ਨੂੰ ਵੀ ਇਸ ਗੱਲ ਦੀ ਖੁਸ਼ੀ ਸੀ। ਭਰਤੀ ਤੋਂ ਸਾਲ ਕੁ ਬਾਦ ਮੈਨੂੰ ਦਲਬਾਰਾ ਸ਼ਹਿਰ ਦੇ ਇੱਕ ਸ਼ਾਪਿੰਗ ਮਾਲ ਵਿੱਚ ਮਿ-ਲਆ। ਮੈਂ ਉਸ ਦਾ ਹਾਲ ਚਾਲ ਪੁੱਛਿਆ। ਜਦੋਂ ਪਿੰਡ ਬਾਰੇ ਪੁੱਛਿਆ ਤਾਂ ਕਹਿੰਦਾ, ''ਪਿੰਡ ਛੱਡੇ ਨੂੰ ਤਾਂ ਛੇ ਮਹੀਨੇ ਹੋ ਗਏ।'' ਮੈਂ ਹੈਰਾਨੀ ਨਾਲ ਪੁੱਛਿਆ, ''ਕੀ ਗੱਲ, ਪਿੰਡ ਵਿੱਚ ਤਾਂ ਤੇਰਾ ਵਧੀਆ ਮਾਣ-ਤਾਣ ਸੀ?''

ਉਹ ਤਲਖੀ ਨਾਲ ਬੋਲਿਆ, ''ਕਾਹਦਾ ਮਾਣ-ਤਾਣ, ਜਣਾ-ਖਣਾ ਵਗਾਰ ਪਾਈ ਰੱਖਦਾ ਸੀ। ਪੈਸੇ ਕੁਝ ਬਣਦੇ ਨਹੀਂ ਸੀ। ਤੇਲ ਅਲੱਗ ਪੱਲਿਓਂ ਲੱਗ ਜਾਂਦਾ ਸੀ।''

ਅਸਮਾਨੀ ਉਡਣ ਵਾਲੇ ਜੜ੍ਹਾਂ ਕਿੰਝ ਛੱਡ ਜਾਂਦੇ ਨੇ, ਇਸ ਦੀ ਪ੍ਰਤੱਖ ਉਦਾਹਰਣ ਮੇਰੇ ਸਾਹਮਣੇ ਸੀ।

## ਸਰਕਾਰੀ ਚਲਾਨ

-ਗੁਰਮੀਤ ਸਿੱਧੂ ਪਟਵਾਰੀ

ਭਾਰਤੀ ਹਕੂਮਤ ਦੇ ਬਣਾਏ ਗ੍ਰੀਨ ਟ੍ਰਿਬਿਊਨਲ ਸੈਂਟਰ ਨੇ ਹੇਠਲੇ ਪੱਧਰ ਉੱਤੇ ਰਾਜ ਸਰਕਾਰਾਂ ਨੂੰ ਹੁਕਮ ਚਾੜ੍ਹਿਆ ਕਿ ਜੋ ਵੀ ਕਿਸਾਨ ਝੋਨੇ ਦੀ ਪਰਾਲੀ ਸਾੜਨ ਦੀ ਕੋਸ਼ਿਸ਼ ਕਰੇਗਾ, ਉਸ ਲਈ ਡਿਪਟੀ ਕਮਿਸ਼ਨਰ ਜ਼ਿੰਮੇਵਾਰ ਹੋਣਗੇ ਕਿ ਦੇਸ਼ 'ਚ ਵਾਤਾਵਰਣ ਨੂੰ ਕਿਉਂ ਨਹੀਂ ਚੰਗਾ ਬਣਾਇਆ ਜਾ ਰਿਹਾ।

ਫਿਰ ਅੱਗੇ ਚੱਲੀ ਮੁਹਿੰਮ ਨੋਡਲ ਅਫਸਰ, ਮਾਲ ਵਿਭਾਗ ਦੇ ਅਧਿਕਾਰੀ, ਪਟਵਾਰੀ, ਪੰਜ ਮੈਂਬਰੀ ਕਮੇਟੀ ਬਣਾਈ ਗਈ, ਜੋ ਚਲਾਨ ਕੱਟਣ ਦੇ ਸਮਰੱਥ ਹੋਵੇਗੀ ਤੇ ਪਟਵਾਰੀ ਨੰਬਰ ਖਸਰਾ ਤਸਦੀਕ ਕਰਨ ਵਿੱਚ ਮਦਦ ਕਰੇਗਾ। ਹੁਕਮ ਦੀ ਪਾਲਣਾ ਕਰਦਿਆਂ ਸਾਰਿਆਂ ਨੇ ਰਿਪੋਰਟ ਡਿਪਟੀ ਕਮਿਸ਼ਨਰ ਦੇ ਮੇਜ਼ 'ਤੇ ਰੱਖ ਦਿੱਤੀ।

ਹੋਏ ਚਲਾਨ ਦੀ ਰਕਮ ਜ਼ੋਰਾ ਸਿੰਘ ਪੁੱਤਰ ਜੰਗ ਸਿੰਘ ਪੁੱਤਰ ਜਬਰ ਸਿੰਘ ਨੇ ਖਜ਼ਾਨੇ ਵਿੱਚ ਜਮ੍ਹਾ ਕਰਾ ਕੇ ਸਿਵਲ ਅਦਾਲਤ ਵਿੱਚ ਕੇਸ ਕਰ ਦਿੱਤਾ। ਕੋਈ ਵੀ ਕਰਮਚਾਰੀ, ਅਧਿਕਾਰੀ ਇਹ ਸਾਬਤ ਨਾ ਕਰ ਸਕਿਆ ਕਿ ਅੱਗ ਜ਼ੋਰਾ ਸਿੰਘ ਨੇ ਆਪਣੇ ਖੇਤ ਵਿੱਚ ਖੁਦ ਲਾਈ ਸੀ। ਹਾਲੇ ਤੱਕ ਸਾਰੇ ਹੀ ਸੰਬੰਧਤ ਵਿਭਾਗਾਂ ਦੇ ਇੰਚਾਰਜ ਅਤੇ ਮੁਲਾਜ਼ਮ ਕੀਤੀ ਦਾ ਖਮਿਆਜ਼ਾ ਭੁਗਤ ਰਹੇ ਹਨ।










# ਸੰਕਟਾਂ ਦੇ ਸਾਹਮਣੇ ਖੜੀ ਕੌਮ ਤੇ ਮਿਹਣੇਬਾਜ਼ੀ ਵਿੱਚ ਉਲਝੀ ਹੋਈ ਲੀਡਰਸ਼ਿਪ



ਜਤਿੰਦਰ ਪੰਨੂ

ਨਵਾਂ ਸਾਲ ਚੜ੍ਹਦੇ ਸਾਰ ਅਸੀਂ ਭਾਰਤ ਦੀ ਪਾਰਲੀਮੈਂਟ ਵਿੱਚ ਦੋਵਾਂ ਪ੍ਰਮੁੱਖ ਪਾਰਟੀਆਂ ਦੀ ਲੀਡਰਸ਼ਿਪ ਨੂੰ ਆਪਸ ਵਿੱਚ ਚੁੰਝ-ਭਿੜਾਈ ਕਰਦੀਆਂ ਨੂੰ ਵੇਖਿਆ ਹੈ। ਬਹੁਤਾ ਕਰ ਕੇ ਮਾਮਲਾ ਫੌਜੀ ਸੌਦਿਆਂ ਦਾ ਛਾਇਆ ਰਿਹਾ ਹੈ। ਕਦੇ ਕੁਝ ਵਿਹਲ ਮਿਲਦੀ ਤਾਂ ਹੋਰ ਮੁੱਦੇ ਵੀ ਚੁੱਕ ਲਏ ਜਾਂਦੇ ਸਨ, ਪਰ ਵਧੇਰੇ ਵਕਤ ਰਾਫਾਲ ਲੜਾਕੂ ਜਹਾਜ਼ਾਂ ਬਾਰੇ ਕਾਂਗਰਸ ਦੀ ਲੀਡਰਸ਼ਿਪ ਵੱਲੋਂ ਭਾਜਪਾ ਉੱਤੇ ਹਮਲੇ ਹੁੰਦੇ ਅਤੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਸੌਦੇ ਕਾਰਨ ਭਾਜਪਾ ਦੇ ਲੀਡਰਾਂ ਨੂੰ ਕਾਂਗਰਸ ਉੱਤੇ ਹਮਲੇ ਕਰਦੇ ਹੋਏ ਵੇਖਿਆ ਹੈ। ਦਲੀਲਾਂ ਘੱਟ ਤੇ ਭੱਦੀ ਭਾਸ਼ਾ ਦੀ ਵਰਤੋਂ ਵੱਧ ਹੁੰਦੀ ਹੈ। ਦੋਵਾਂ ਧਿਰਾਂ ਲਈ ਇਸ ਪਾਰਲੀਮੈਂਟ ਸੈਸ਼ਨ ਵਿੱਚ ਰੌਲਾ ਪਾਉਣਾ ਇਸ ਲਈ ਜ਼ਰੂਰੀ ਹੈ ਕਿ ਅੱਗੇ ਲੋਕ ਸਭਾ ਚੋਣਾਂ ਆ ਰਹੀਆਂ ਹਨ। ਵੋਟਰਾਂ ਦੇ ਕੋਲ ਜਾ ਕੇ ਇਹ ਕਹਿਣ ਲਈ ਕਿ ਦੇਸ਼ ਦੇ ਹਿੱਤਾਂ ਵਾਸਤੇ ਅਸੀਂ ਆਪਣੇ ਵੱਲੋਂ ਸਾਰਾ ਜ਼ੋਰ ਲਾਈ ਰੱਖਿਆ ਸੀ, ਦੋਵਾਂ ਧਿਰਾਂ ਦੇ ਆਗੂਆਂ ਲਈ ਇਹ ਸਾਰਾ ਕੁਝ ਕਰਨਾ ਜ਼ਰੂਰੀ ਹੈ। ਉਹ ਕਰ ਰਹੇ ਹਨ, ਅਤੇ ਕਰਦੇ ਵੀ ਰਹਿਣਗੇ।

ਅਸੀਂ ਚਾਲੀ ਕੁ ਸਾਲ ਪਹਿਲਾਂ ਬੋਫੋਰਜ਼ ਕੰਪਨੀ ਦੀ ਹਾਵਿਟਜ਼ਰ ਤੋਪ ਖਰੀਦਣ ਵਾਲੇ ਸੌਦੇ ਤੋਂ ਭਾਰਤੀ ਰਾਜਨੀਤੀ ਵਿੱਚ ਉਬਾਲੇ ਆਉਂਦੇ ਵੇਖੇ ਸਨ। ਨਤੀਜਾ ਇਹ ਨਿਕਲਿਆ ਸੀ ਕਿ ਚਾਰ ਦਿਨ ਦੀ ਖਿੱਚੋਤਾਣ ਦੇ ਬਾਅਦ ਸਾਰੇ ਦੋਸ਼ੀ ਛੁੱਟ ਗਏ ਅਤੇ ਜਿੰਨੇ ਪੈਸਿਆਂ ਦੀ ਰਿਸ਼ਵਤਖੋਰੀ ਦਾ ਦੋਸ਼ ਲੱਗਾ ਸੀ, ਉਸ ਨਾਲੋਂ ਵੀਹ ਗੁਣਾਂ ਤੋਂ ਵੱਧ ਜਾਂਚ ਦੇ ਨਾਂਅ ਉੱਤੇ ਫੂਕ ਦਿੱਤੇ ਗਏ ਸਨ। ਇਹੋ ਕੁਝ ਜਹਾਜ਼ ਸੌਦੇ ਜਾਂ ਹੈਲੀਕਾਪਟਰ ਸੌਦੇ ਬਾਰੇ ਹੋ ਸਕਦਾ ਹੈ। ਇਸ ਕੇਸ ਵਿੱਚ ਕਿਸੇ ਦੀ ਕਿੰਨੀ ਵੀ ਦਿਲਚਸਪੀ ਹੋਵੇ, ਬਤੌਰ ਪੱਤਰਕਾਰ ਇਸ ਦੀ ਚਰਚਾ ਕਰਨ ਤੋਂ ਸਿਵਾ ਮੇਰੀ ਇਸ ਵਿੱਚ ਕਿਸੇ ਤਰ੍ਹਾਂ ਦੀ ਦਿਲਚਸਪੀ ਨਹੀਂ। ਭਾਰਤ ਨੂੰ ਆਜ਼ਾਦੀ ਮਿਲਣ ਦੇ ਦਿਨ ਤੋਂ ਅੱਜ ਤੱਕ ਇਹੋ ਜਿਹਾ ਕੋਈ ਫੌਜੀ ਸਮਾਨ ਖਰੀਦਣ ਦਾ ਸੌਦਾ ਹੋਇਆ ਹੀ ਨਹੀਂ, ਜਿਸ ਵਿੱਚ ਕਿਸੇ ਵੱਲੋਂ ਰਿਸ਼ਵਤਖੋਰੀ ਜਾਂ ਦਲਾਲੀ ਦਾ ਰੌਲਾ ਨਾ ਪਿਆ ਹੋਵੇ। ਜਵਾਹਰ ਲਾਲ ਨਹਿਰੂ ਨੂੰ ਬੇਈਮਾਨ ਆਗੂ ਨਹੀਂ ਸੀ ਮੰਨਿਆ ਜਾਂਦਾ, ਇਸ ਦੇ ਬਾਵਜੂਦ ਉਸ ਰਾਜ ਦੌਰਾਨ ਬ੍ਰਿਟੇਨ ਵਿੱਚ ਭਾਰਤ ਸਰਕਾਰ ਦੇ ਹਾਈ ਕਮਿਸ਼ਨਰ ਵੀ ਕੇ ਕ੍ਰਿਸ਼ਨਾ ਮੈਨਨ ਨੇ ਪ੍ਰੋਟੋਕੋਲ ਤੋੜ ਕੇ ਅੱਸੀ ਲੱਖ ਰੁਪਏ ਦਾ ਦੋ ਸੌ ਜੀਪਾਂ ਵਾਲਾ ਸੌਦਾ ਖੁਦ ਹੀ ਕਰ ਲਿਆ ਤਾਂ ਰੌਲਾ ਪੈ ਗਿਆ ਸੀ, ਪਰ ਹੋਇਆ ਕੁਝ ਨਹੀਂ ਸੀ। ਸੌਦਾ ਕਰਨ ਵਾਲਾ ਵੀ ਕੇ ਕ੍ਰਿਸ਼ਨਾ ਮੈਨਨ ਕੁਝ ਸਮਾਂ ਪਾ ਕੇ ਦੇਸ਼ ਦਾ ਵਿਦੇਸ਼ ਮੰਤਰੀ ਬਣ ਗਿਆ ਸੀ। ਅਟਲ ਬਿਹਾਰੀ ਵਾਜਪਾਈ ਵੀ ਪ੍ਰਧਾਨ ਮੰਤਰੀ ਬਣ ਕੇ ਬੜਾ ਇਮਾਨਦਾਰੀ ਦਾ ਢੰਡੋਰਾ ਪਿੱਟਦਾ ਸੀ, ਪਰ ਉਸ ਦੇ ਵਕਤ ਪਹਿਲਾਂ ਤਹਿਲਕਾ ਕਾਂਡ ਹੋ ਗਿਆ ਤੇ ਪਿੱਛੋਂ ਕਾਰਗਿਲ ਵਾਲੇ ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਲਈ ਬਕਸੇ (ਅੰਗਰੇਜ਼ੀ ਵਿੱਚ 'ਕਫਨ') ਖਰੀਦਣ ਦੇ ਨਾਲ ਹਰ ਥਾਂ 'ਕਫਨ ਚੋਰ' ਦਾ ਰੌਲਾ ਪੈਂਦਾ ਸੁਣਦਾ ਰਿਹਾ ਸੀ। ਡਾਕਟਰ ਮਨਮੋਹਨ ਸਿੰਘ ਬਹੁਤ ਈਮਾਨਦਾਰ ਪ੍ਰਧਾਨ ਮੰਤਰੀ ਕਿਹਾ ਜਾਂਦਾ ਸੀ ਤੇ ਖੁਦ ਈਮਾਨਦਾਰ ਵੀ ਰਿਹਾ ਸੀ, ਪਰ ਉਸ ਰਾਜ ਵਿੱਚ ਵੀ ਹੈਲੀਕਾਪਟਰ ਘੋਟਾਲਾ ਹੋ ਗਿਆ, ਜਿਸ ਦੀ ਜੜ੍ਹ ਵਾਜਪਾਈ ਸਰਕਾਰ ਦੇ ਸਮੇਂ ਲੱਗੀ ਤੇ ਫਲ ਕੁਝ ਕਾਂਗਰਸੀ ਸਰਕਾਰ ਦੇ ਮੰਤਰੀਆਂ ਨੇ ਤੋੜ-ਤੋੜ ਖਾਧੇ ਸਨ। ਨਰਿੰਦਰ ਮੋਦੀ ਖੁਦ ਹੀ ਜਹਾਜ਼ ਸੌਦੇ ਵਿੱਚ ਉਲਝੇ ਪਏ ਹਨ।

ਜਦੋਂ ਸਾਨੂੰ ਇਹ ਪਤਾ ਹੈ ਕਿ ਫੌਜੀ ਸਾਮਾਨ ਦੀ ਖਰੀਦ ਦਾ ਕੋਈ ਸੌਦਾ ਰਿਸ਼ਵਤਖੋਰੀ ਬਿਨਾਂ ਹੋਇਆ ਨਹੀਂ ਅਤੇ ਕੋਈ ਹੋਣਾ ਵੀ ਨਹੀਂ ਤਾਂ ਇਸ ਉੱਤੇ ਮਗਜ਼ ਮਾਰੀ ਕਰਨ ਦੀ ਥਾਂ ਅਸੀਂ ਦੇਸ਼ ਦੇ ਲੋਕਾਂ ਸਾਹਮਣੇ ਸਿਰ ਚੁੱਕੀ ਖੜੇ ਏਦਾਂ ਦੇ ਮਸਲਿਆਂ ਵੱਲ ਧਿਆਨ ਦੇਣਾ ਬਿਹਤਰ ਸਮਝਦੇ ਹਾਂ, ਜਿਹੜੇ ਭਵਿੱਖ ਉੱਤੇ ਸਵਾਲੀਆ ਨਿਸ਼ਾਨ ਲਾ ਰਹੇ ਹਨ। ਇਸ ਦੇਸ਼ ਦੀ ਅਗਲੀ ਪੀੜ੍ਹੀ ਦੀ ਚਿੰਤਾ ਤਾਂ ਕੀ ਕਰਨੀ, ਇਹ ਵੀ ਚਿੰਤਾ ਨਹੀਂ ਕਿ ਹੋਰ ਪੰਜ ਸਾਲਾਂ ਤੱਕ ਕੀ ਬਣਨ ਵਾਲਾ ਹੈ? ਸਾਡੇ ਸਾਹਮਣੇ ਏਦਾਂ ਦੇ ਮੁੱਦਿਆਂ ਦਾ ਢੇਰ ਲੱਗ ਸਕਦਾ ਹੈ, ਪਰ ਬਹੁਤਿਆਂ ਵਿੱਚੋਂ ਸਿਰਫ ਦੋ ਮਾਮਲਿਆਂ ਦੀ ਗੱਲ ਕਰਨੀ ਅਸੀਂ ਜ਼ਰੂਰੀ ਸਮਝਦੇ ਹਾਂ। ਇੱਕ ਮੁੱਦਾ ਮੁੱਕ ਰਹੇ ਪਾਣੀ ਦਾ ਅਤੇ ਦੂਸਰਾ ਫਿਰਕੂ ਉਬਾਲਿਆਂ ਦਾ ਹੈ।

ਫਿਰਕੂ ਉਬਾਲਿਆਂ ਦੀ ਗੱਲ ਕਰਨੀ ਹੋਵੇ ਤਾਂ ਸਾਨੂੰ ਫਿਕਰ ਹੁੰਦਾ ਹੈ ਕਿ ਦੇਸ਼ ਵਿੱਚ ਇੱਕ ਖਾਸ ਤਰ੍ਹਾਂ ਦੀ ਫਿਰਕੂ ਕਾਂਗ ਚੜ੍ਹਦੀ ਨੂੰ ਉਹ ਲੋਕ ਵੀ ਅੱਖੋਂ ਪਰੋਖੇ ਕਰੀ ਜਾ ਰਹੇ ਹਨ, ਜਿਹੜੇ ਬਾਰਾਂ ਸਾਲ ਪੰਜਾਬ ਵਿੱਚ ਇਹ ਕਹਿੰਦੇ ਰਹੇ ਸਨ ਕਿ ਸਾਡਾ ਧਰਮ ਖਤਰੇ ਵਿੱਚ ਹੈ, ਫਲਾਣੇ ਧਰਮ ਨੇ ਇਸ ਦੀ ਹੋਂਦ ਨਹੀਂ ਰਹਿਣ ਦੇਣੀ। ਰਾਜਸੀ ਲੋੜਾਂ ਲਈ ਜਿਹੜੇ ਲੋਕ ਇਸ ਵਕਤ ਖਾਮੋਸ਼ੀ ਵਿੱਚ ਆਪਣਾ ਹਿੱਤ ਸਮਝਦੇ ਹਨ, ਵਕਤ ਨੇ ਉਨ੍ਹਾਂ ਨੂੰ ਕਟਹਿਰੇ ਵਿੱਚ ਖੜੇ ਕਰ ਦੇਣਾ ਹੈ। ਜਰਮਨੀ ਵਿੱਚ ਜਦੋਂ ਹਿਟਲਰ ਦੀ ਉਠਾਣ ਹੋਈ ਤਾਂ ਕਈ ਲੋਕਾਂ ਨੇ ਵਕਤੀ ਚੁੱਪ ਰੱਖ ਕੇ ਫਿਰ ਜ਼ਿੰਦਾਂ ਭੁਗਤੀ ਸੀ, ਉਸ ਬਾਰੇ ਇੱਕ ਕਵੀ ਦੀ ਕਵਿਤਾ ਬੜੀ ਪ੍ਰਸਿੱਧ ਹੋਈ ਸੀ। ਉਸ ਦੇ ਬੋਲ ਸਾਨੂੰ ਯਾਦ ਨਹੀਂ, ਪਰ ਭਾਵਨਾ ਯਾਦ ਹੈ। ਕਵੀ ਨੇ ਟਕੋਰ ਕਰਦੇ ਹੋਏ ਕਿਹਾ ਕਿ ਜਦੋਂ ਯਹੂਦੀਆਂ ਦਾ ਘਾਣ ਹੋਇਆ, ਮੈਂ ਚੁੱਪ ਰਿਹਾ ਸੀ, ਕਿਉਂਕਿ ਮੈਂ ਯਹੂਦੀ ਨਹੀਂ ਸੀ ਤੇ ਕਮਿਊਨਿਸਟਾਂ ਦਾ ਘਾਣ ਹੋਣ ਵੇਲੇ ਫਿਰ ਚੁੱਪ ਰਿਹਾ, ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ। ਉਸ ਦੇ ਬਾਅਦ ਸੋਸ਼ਲਿਸਟਾਂ ਦੀ ਵਾਰੀ ਆ ਗਈ ਤਾਂ ਮੈਂ ਚੁੱਪ ਰਿਹਾ, ਕਿਉਂਕਿ ਮੈਂ ਸੋਸ਼ਲਿਸਟ ਨਹੀਂ ਸੀ ਤੇ ਜਦੋਂ ਉਨ੍ਹਾਂ ਸਭਨਾਂ ਦੇ ਬਾਅਦ ਮੇਰਾ ਨੰਬਰ ਆ ਗਿਆ ਤਾਂ ਮੇਰੇ ਹੱਕ ਵਿੱਚ ਮੂੰਹ ਖੋਲ੍ਹਣ ਵਾਲਾ ਕੋਈ ਬਾਕੀ ਨਹੀਂ ਸੀ ਰਹਿ ਗਿਆ। ਇਸ ਨੂੰ ਪਿੱਛੇ ਜਿਹੇ ਪਾਕਿਸਤਾਨ ਦੇ ਇੱਕ ਸ਼ੀਆ ਕਵੀ ਵੱਲੋਂ ਆਪਣੇ ਢੰਗ ਨਾਲ ਲਿਖਿਆ ਗਿਆ ਹੈ ਕਿ ਜਦੋਂ ਘੱਟ-ਗਿਣਤੀਆਂ ਉੱਤੇ ਹਮਲੇ ਹੋਏ ਤਾਂ ਮੈਨੂੰ ਪਰਵਾਹ ਨਹੀਂ ਸੀ ਤੇ ਫਿਰ ਜਦੋਂ ਅਹਿਮਦੀਆ ਮੁਸਲਮਾਨਾਂ ਬਾਰੇ ਕਹਿ ਦਿੱਤਾ ਗਿਆ ਕਿ ਇਹ ਮੁਸਲਮਾਨ ਨਹੀਂ ਤਾਂ ਮੈਂ ਓਦੋਂ ਵੀ ਖਾਮੋਸ਼ ਰਿਹਾ ਸੀ, ਪਰ ਅੱਜ ਸਾਡੇ ਸ਼ੀਆ ਲੋਕਾਂ ਨੂੰ ਵੀ ਨਿਸ਼ਾਨੇ ਉੱਤੇ ਰੱਖਿਆ ਪਿਆ ਹੈ। ਇਤਿਹਾਸ ਕਈ ਵਾਰ ਆਪਣੇ ਆਪ ਨੂੰ ਦੁਹਰਾ ਸਕਦਾ ਹੈ ਤੇ ਓਸੇ ਥਾਂ ਨਹੀਂ, ਕਦੀ ਜਰਮਨੀ ਦੀ ਥਾਂ ਭਾਰਤ ਵਿੱਚ ਵੀ ਆ ਕੇ ਦੁਹਰਾ ਸਕਦਾ ਹੈ।

ਦੂਸਰਾ ਮਾਮਲਾ ਇਸ ਦੇਸ਼ ਵਿੱਚ ਪਾਣੀ ਦੀ ਘਾਟ ਦਾ ਹੈ। ਅਸੀਂ ਪੰਜਾਬ ਦੇ ਲੋਕ ਇਸ ਗੱਲ ਬਾਰੇ ਰੌਲਾ ਪੈਂਦਾ ਸੁਣ ਸਕਦੇ ਹਾਂ ਕਿ ਜ਼ਮੀਨ ਹੇਠਾਂ ਪਾਣੀ ਦਾ ਪੱਧਰ ਬੜਾ ਡਿੱਗਦਾ ਜਾਂਦਾ ਹੈ। ਇਹ ਸੱਚ ਵੀ ਹੈ। ਮੇਰੇ ਵਰਗੇ ਲੋਕਾਂ ਨੇ ਬਾਲਪਣ ਵਿੱਚ ਖੂਹਾਂ ਦਾ ਪਾਣੀ ਮਸਾਂ ਅੱਠ-ਦਸ ਫੁੱਟ ਹੇਠਾਂ ਵੇਖਿਆ ਅਤੇ ਚਾਲੀ ਫੁੱਟ ਉੱਤੇ ਨਲਕੇ ਲੱਗਦੇ ਵੇਖੇ ਸਨ, ਪਰ ਅੱਜ ਦੇ ਯੁੱਗ ਵਿੱਚ ਜਦੋਂ ਚਾਰ ਸੌ ਫੁੱਟ ਤੋਂ ਹੇਠਾਂ ਤੱਕ ਬੋਰ ਚਲੇ ਜਾਣ ਦੀ ਗੱਲ ਸੁਣਦੇ ਹਾਂ ਤਾਂ ਸੋਚੀਂ ਪੈ ਜਾਂਦੇ ਹਾਂ। ਦੱਖਣ ਭਾਰਤ ਦੇ ਕਈ ਸ਼ਹਿਰਾਂ ਦਾ ਗੁਜ਼ਾਰਾ ਝੀਲਾਂ ਦੇ ਪਾਣੀ ਨਾਲ ਸਦੀਆਂ ਤੋਂ ਹੁੰਦਾ ਆਇਆ ਹੈ, ਓਥੇ ਅੱਜ-ਕੱਲ੍ਹ ਝੀਲਾਂ ਸੁੱਕਣ ਨਾਲ ਪਾਣੀ ਦੀ ਘਾਟ ਦੀ ਸਮੱਸਿਆ ਆਉਣ ਲੱਗੀ ਹੈ। ਇਹ ਸਿਰਫ ਭਾਰਤ ਵਿੱਚ ਨਹੀਂ, ਦੁਨੀਆ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਹੋ ਰਿਹਾ ਹੈ। ਪਿਛਲੇ ਸਾਲ ਭਾਰਤ ਦੀ ਕ੍ਰਿਕਟ ਟੀਮ ਜਦੋਂ ਦੱਖਣੀ ਅਫਰੀਕਾ ਦੌਰੇ ਵਾਸਤੇ ਗਈ ਤਾਂ ਇਹ ਖਬਰ ਭਾਰਤ ਵਿੱਚ ਪਹੁੰਚੀ ਸੀ ਕਿ ਖਿਡਾਰੀਆਂ ਨੂੰ ਪੰਜ-ਤਾਰਾ ਹੋਟਲ ਵਿੱਚ ਵੀ ਨਹਾਉਣ ਆਦਿ ਵਾਸਤੇ ਲੋੜੀਂਦਾ ਪਾਣੀ ਨਹੀਂ ਮਿਲ ਰਿਹਾ ਤੇ ਮਿਥੀ ਹੋਈ ਹੱਦ ਤੱਕ ਪਾਣੀ ਵਰਤਣ ਵਾਸਤੇ ਕਿਹਾ ਜਾਂਦਾ ਹੈ। ਉਨ੍ਹਾਂ ਹੀ ਦਿਨਾਂ ਵਿੱਚ ਭਾਰਤ ਦੇ ਕਰਨਾਟਕ ਦੀ ਰਾਜਧਾਨੀ ਬੰਗਲੌਰ ਵਿੱਚੋਂ ਵੀ ਖਬਰ ਆਈ ਸੀ ਕਿ ਪਾਣੀ ਨਹੀਂ ਮਿਲਦਾ ਤੇ ਇੱਕ ਮੰਤਰੀ ਨੂੰ ਇਸ ਗੱਲ ਦੀ ਮੁਆਫੀ ਮੰਗਣੀ ਪਈ ਸੀ ਕਿ ਉਸ ਦੇ ਜਾਣ ਵੇਲੇ ਰਾਹ ਵਿੱਚ ਪੈਂਦੀ ਸੜਕ ਉੱਤੇ ਪਾਣੀ ਛਿੜਕਿਆ ਗਿਆ ਹੈ, ਜਦੋਂ ਲੋਕਾਂ ਨੂੰ ਪੀਣ ਵਾਸਤੇ ਪੂਰਾ ਪਾਣੀ ਨਹੀਂ ਮਿਲ ਰਿਹਾ। ਅਗਲੇ ਦਿਨਾਂ ਵਿੱਚ ਇਹੋ ਜਿਹੀ ਸਮੱਸਿਆ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਵੀ ਆਉਣ ਦਾ ਡਰ ਹੈ, ਪਰ ਦੇਸ਼ ਦੀ ਲੀਡਰਸ਼ਿਪ ਕੋਲ ਇਨ੍ਹਾਂ ਗੱਲਾਂ ਬਾਰੇ ਸੋਚਣ ਦਾ ਸਮਾਂ ਨਹੀਂ ਹੈ। ਉਹ ਪਾਣੀ ਦੇ ਮੁੱਦੇ ਬਾਰੇ ਸੋਚਣ ਦੀ ਥਾਂ ਫੌਜੀ ਸੌਦਿਆਂ ਨੂੰ ਲੈ ਕੇ ਪਾਣੀ ਵਿੱਚ ਮਧਾਣੀ ਫੇਰਦੇ ਪਏ ਹਨ। ਸਾਡੇ ਕੋਲ ਸੰਸਾਰ ਦੇ ਉਨ੍ਹਾਂ ਸ਼ਹਿਰਾਂ ਦੀ ਲਿਸਟ ਪਈ ਹੈ, ਜਿਨ੍ਹਾਂ ਵਿੱਚ ਇਸ ਵੇਲੇ ਪਾਣੀ ਦਾ ਗੰਭੀਰ ਸੰਕਟ ਹੈ ਤੇ ਅਗਲੇ ਦਿਨੀਂ ਹੋਰ ਵਧ ਜਾਣਾ ਹੈ, ਇਨ੍ਹਾਂ ਵਿੱਚ ਦੱਖਣੀ ਅਫਰੀਕਾ ਦਾ ਕੇਪ ਟਾਊਨ ਸਿਖਰ ਉੱਤੇ ਹੈ, ਬਰਾਜ਼ੀਲ ਦਾ ਸਾਓ ਪਾਓਲੋ ਦੂਸਰਾ ਅਤੇ ਭਾਰਤ ਦਾ ਬੰਗਲੌਰ ਤੀਸਰਾ ਸ਼ਹਿਰ ਲਿਖਿਆ ਮਿਲਦਾ ਹੈ। ਮੈਂ ਪੰਜਾਬ ਦੇ ਪਾਣੀਆਂ ਦੀ ਚਿੰਤਾ ਕਰਦਾ ਹਾਂ ਤਾਂ ਇਸ ਰਾਜ ਦੇ ਲੋਕਾਂ ਦੀ ਅਗਲੀ ਪੀੜ੍ਹੀ ਬਾਰੇ ਸੋਚਦਾ ਹਾਂ, ਪਰ ਜਦੋਂ ਬੰਗਲੌਰ ਦੀ ਹਾਲਤ ਵੇਖਦਾ ਹਾਂ ਤਾਂ ਪੰਜਾਂ ਸਾਲਾਂ ਨੂੰ ਹੋਣ ਵਾਲੀ ਅਗਲੀ ਪਾਰਲੀਮੈਂਟ ਚੋਣ ਤੱਕ ਵੀ ਬੁੱਤਾ ਸਰਦਾ ਨਹੀਂ ਦਿੱਸਦਾ। ਉਸ ਦੇ ਬਾਅਦ ਕੀ ਹੋਵੇਗਾ? ਇਹੋ ਜਿਹਾ ਸਵਾਲ ਕੁਝ ਮੂਰਖ ਬੰਦੇ ਸੋਚਦੇ ਹਨ ਤਾਂ ਸੋਚਦੇ ਰਹਿਣ, ਇਸ ਮਹਾਨ ਦੇਸ਼ ਦੀ ਉਹ ਲੀਡਰਸ਼ਿਪ ਇਸ ਬਾਰੇ ਸੋਚਣਾ ਹੀ ਨਹੀਂ ਚਾਹੁੰਦੀ, ਜਿਸ ਦੀਆਂ ਦੋਵੇਂ ਮੁੱਖ ਧਾਰਾਵਾਂ ਦਾ ਪੱਲਾ ਫੌਜੀ ਸਾਮਾਨ ਦੀ ਖਰੀਦ ਵਿੱਚ ਹੋਏ ਭ੍ਰਿਸ਼ਟਾਚਾਰ ਦੇ ਦਾਗਾਂ ਨੇ ਕਾਲਾ ਕਰ ਛੱਡਿਆ ਹੈ।

ਭ੍ਰਿਸ਼ਟਾਚਾਰ ਨੂੰ ਵੀ ਭਾਰਤ ਭੁਗਤ ਰਿਹਾ ਹੈ, ਪਾਣੀ ਵਰਗੇ ਕਈ ਵੱਡੇ ਸੰਕਟਾਂ ਦੇ ਦਹਾਨੇ ਉੱਤੇ ਖੜਾ ਹੈ, ਪਰ ਦੇਸ਼ ਦੀ ਲੀਡਰਸ਼ਿਪ ਆਪਸੀ ਮਿਹਣੇਬਾਜ਼ੀ ਵਿੱਚ ਗਲਤਾਨ ਹੈ। ਕੌਮ ਦੀ ਤਬਾਹੀ ਦੀ ਕਿਸੇ ਨੂੰ ਚਿੰਤਾ ਹੀ ਨਹੀਂ।

## ਵਿਅੰਗ:

# ਰੋਜ਼ਗਾਰ ਘਟਾਓ-ਬੇਰੋਜ਼ਗਾਰੀ ਵਧਾਓ ਸੰਮੇਲਨ

-ਅਜੇ ਮੂਰਖ

ਮਸ਼ਹੂਰ ਠੱਗ ਨਟਵਰ ਲਾਲ ਦੀ 40ਵੀਂ ਬਰਸੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਦਿੱਲੀ ਰਾਮ ਲੀਲਾ ਮੈਦਾਨ 'ਚ ਅੱਧੀ ਰਾਤ ਕੀਤਾ ਗਿਆ, ਜਿਸ ਵਿੱਚ ਕਰੀਬ 40 ਕਰੋੜ ਵਿਹਲੜ, ਦਲਿੱਦਰ, ਕੰਮ-ਚੋਰ, ਆਰਾਮ-ਪਸੰਦ ਅਤੇ ਆਮ ਤੌਰ 'ਤੇ ਲੰਗਰਾਂ ਦੀ ਭੀੜ ਨੂੰ ਵਧਾਉਣ ਵਾਲੇ ਪ੍ਰੇਮੀ ਜੋੜਿਆਂ ਨੇ ਹਿੱਸਾ ਲਿਆ। ਇਹ ਸੰਮੇਲਨ ਰੋਜ਼ਗਾਰ ਘਟਾਓ-ਬੇਰੋਜ਼ਗਾਰੀ ਵਧਾਓ ਦੇ ਬੈਨਰ ਹੇਠ ਖਾਓ-ਪੀਓ ਨੈਸ਼ਨਲ ਫਰੰਟ ਨੇ ਕੀਤਾ ਸੀ ਅਤੇ ਇਸ ਸੰਮੇਲਨ ਨੂੰ ਵਿਦੇਸ਼ਾਂ ਤੋਂ ਆਏ ਘੱਟ ਦਿਮਾਗ, ਸਵਾਰਥੀ ਲੀਡਰਾਂ ਤੋਂ ਇਲਾਵਾ ਖਾਓ-ਪੀਓ ਨੈਸ਼ਨਲ ਫਰੰਟ ਦੇ ਪ੍ਰਧਾਨ ਰਜਿੰਦਰ ਆਬਾਦੀ, ਜਨਰਲ ਸੈਕਟਰੀ ਰੇਖਾ ਵਿਹਲੀ ਨੇ ਵੀ ਸੰਬੋਧਨ ਕੀਤਾ।

ਰੇਖਾ ਵਿਹਲੀ ਦੇ ਵਿਚਾਰ ਸੁਣ ਕੇ ਪੰਡਾਲ ਵਿੱਚ ਬੈਠੇ ਸਾਰੇ ਲੋਕ ਖੁਸ਼ੀ ਦੀ ਲਹਿਰ 'ਚ ਝੂਮ ਉਠੇ। ਇਸ ਮੁਬਾਰਕ ਮੌਕੇ 'ਤੇ ਬੋਲਦਿਆਂ ਰੇਖਾ ਵਿਹਲੀ ਨੇ ਕਿਹਾ ਕਿ ਸਾਡੇ ਲਈ ਕਿੰਨੀ ਸ਼ਰਮ ਦੀ ਗੱਲ ਹੈ ਕਿ ਦੇਸ਼ ਦੀ ਆਬਾਦੀ 130 ਕਰੋੜ ਹੋਵੇ ਤੇ ਬੇਰੋਜ਼ਗਾਰਾਂ ਦੀ ਗਿਣਤੀ ਸਿਰਫ 16 ਕਰੋੜ ਹੀ ਹੋਵੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਉਦੋਂ ਤੱਕ ਚੈਨ ਨਾਲ ਨਹੀਂ ਬੈਠੇਗੀ, ਜਦੋਂ ਤੱਕ ਦੇਸ਼ ਵਿੱਚ ਸਾਰੀਆਂ ਉਦਯੋਗਿਕ ਯੂਨਿਟਾਂ ਬੰਦ ਨਹੀਂ ਹੋ ਜਾਣਗੀਆਂ, ਸਰਕਾਰੀ ਹਸਪਤਾਲ, ਸਰਕਾਰੀ ਸਕੂਲ ਕਿਸੇ ਕੀਮਤ 'ਤੇ ਖੁੱਲ੍ਹਣ ਨਹੀਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਅਸੀਂ ਇਹ ਅੰਦੋਲਨ ਪੂਰੇ ਦੇਸ਼ ਦੇ ਹਰ ਪਿੰਡ ਹਰ ਸ਼ਹਿਰ ਵਿੱਚ ਪੂਰੀ ਤਰ੍ਹਾਂ ਜੋਸ਼ੋ-ਖਰੋਸ਼ ਨਾਲ ਪਹੁੰਚਾਵਾਂਗੇ ਤੇ ਨਾਲ ਅਸੀਂ ਵਾਅਦਾ ਵੀ ਕਰਦੇ ਹਾਂ ਕਿ 2019 ਵਿੱਚ ਸਾਡੀ ਸਰਕਾਰ ਆਏਗੀ ਤਾਂ ਰੋਜ਼ਗਾਰ ਦੇ ਮੌਕੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਜਾਣਗੇ ਤੇ ਬੇਰੋਜ਼ਗਾਰਾਂ ਦੀ ਲੰਬੀ ਚੌੜੀ ਫੌਜ ਏਦਾਂ ਦੀ ਤਿਆਰ ਕੀਤੀ ਜਾਵੇਗੀ ਕਿ ਕਿਸੇ ਨੌਜਵਾਨ ਕੋਲ ਰੋਜ਼ਗਾਰ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਸਾਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਜ਼ਿਆਦਾਤਰ ਬੇਰੋਜ਼ਗਾਰ ਨੌਜਵਾਨ ਹੀ ਗੁੰਡੇ, ਗੈਂਗਸਟਰ, ਅੱਤਵਾਦੀ ਤੇ ਹੋਰ ਕਈ ਤਰ੍ਹਾਂ ਦੇ ਗਲਤ ਕੰਮਾਂ ਵਿੱਚ ਭੀੜ ਦਾ ਹਿੱਸਾ ਬਣਦੇ ਹਨ। ਇਸ ਲਈ ਬੇਰੋਜ਼ਗਾਰਾਂ ਦੀ ਗਿਣਤੀ ਹਰ ਰੋਜ਼ ਵਧਣੀ ਬਹੁਤ ਜ਼ਰੂਰੀ ਹੈ। ਕਿਉਂਕਿ ਦੰਗੇ ਸਾਡੇ ਮੁਲਕ ਦੀ ਰਾਸ਼ਟਰੀ ਖੇਡ ਬਣ ਚੁੱਕੇ ਹਨ, ਇਸ ਖੇਡ ਨੂੰ ਅਸੀਂ ਆਪਣੀ ਰਾਜਨੀਤੀ ਚਮਕਾਉਣ ਲਈ ਹੋਰ ਤੇਜ਼ੀ ਨਾਲ ਅੱਗੇ ਵਧਾਵਾਂਗੇ।

ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਇਸ ਸਮੇਂ ਮੌਜੂਦਾ ਸਰਕਾਰ ਅਤੇ ਵਿਰਧੀ ਧਿਰ ਲੋਕਾਂ ਨੂੰ ਅਸਲੀ ਮੁੱਦਿਆਂ ਤੋਂ ਭਟਕਾਉਣ 'ਚ ਕਾਫੀ ਹੱਦ ਤੱਕ ਕਾਮਯਾਬ ਹਨ, ਪਰ ਜਿੰਨੀ ਕਸਰ ਇਨ੍ਹਾਂ ਦੋਵਾਂ ਪਾਰਟੀਆਂ ਤੋਂ ਰਹਿ ਜਾਵੇਗੀ, ਉਹ ਸਾਡੀ ਪਾਰਟੀ ਪੂਰੀ ਕਰੇਗੀ। ਰੇਖਾ ਵਿਹਲੀ ਨੇ ਕਿਹਾ ਕਿ ਚੋਣਾਂ ਹਮੇਸ਼ਾ ਮੁੱਦੇ ਤੋਂ ਪਰ੍ਹੇ ਹੋਣੀਆਂ ਚਾਹੀਦੀਆਂ ਹਨ, ਇਹ ਸਾਡੀ ਰਾਏ ਹੈ, ਯਕੀਨ ਹੈ ਤੇ ਇਹੀ ਸਾਡਾ ਧਰਮ ਹੈ। ਇਸ ਲਈ ਅਗਲੀਆਂ ਚੋਣਾਂ ਲਈ ਅਸੀਂ ਆਪਣੀ ਪਾਰਟੀ ਵੱਲੋਂ ਆਪਣਾ ਹੀ ਮੀਡੀਆ ਤਿਆਰ ਕੀਤਾ ਹੈ, ਜਿਹੜਾ ਲੋਕਾਂ ਨੂੰ ਅਸਲੀ ਮੁੱਦਿਆਂ ਵੱਲ ਜਾਣ ਦੀ ਬਜਾਏ ਬੇਸਿਰ ਪੈਰ ਦੇ ਮੁੱਦਿਆਂ 'ਤੇ ਧੱਕੀ ਰੱਖੇਗਾ। ਇਸ ਮੌਕੇ ਬੋਲਦਿਆਂ ਰਜਿੰਦਰ ਆਬਾਦੀ ਨੇ ਕਿਹਾ ਕਿ ਅਸੀਂ ਹਰ ਪਿੰਡ ਵਿੱਚ ਭਵੀਸ਼ਣ ਅਤੇ ਦੁਸ਼ਾਸ਼ਨ ਦਾ ਮੰਦਰ ਬਣਾਵਾਂਗੇ ਤਾਂ ਜੋ ਲੋਕਾਂ ਨੂੰ ਗੱਦਾਰੀ ਅਤੇ ਚਰਿਤਰਹੀਣ ਹੋਣ ਦੀ ਪ੍ਰੇਰਨਾ ਮਿਲੇ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਵਿਜੇ ਜ਼ਾਲਮ, ਸੁਨੀਤਾ ਬੇਦਰਦੀ, ਵਿਵੇਕ ਅਵਾਰਾ, ਪ੍ਰਵੀਨ ਬੇਸਹਾਰਾ, ਕੁਲਵੀਰ ਸ਼ਰੀਫ, ਜਸਪਾਲ ਚਲਾਕ, ਸੋਨੂੰ ਪ੍ਰੇਮੀ, ਰਾਜਨ ਠੀਕ-ਠਾਕ, ਪਿੰਕਾ ਦਿਮਾਗੀ, ਸੰਨੀ ਸ਼ਾਂਤ, ਮਨੀਸ਼ ਬੇਫਿਕਰ, ਓਮੀ ਗਿੱਠਾ ਅਤੇ ਅਜੇ ਮੂਰਖ ਆਦਿ ਸ਼ਾਮਲ ਸਨ।

# ਵੱਡੀ ਸੌਦੇਬਾਜ਼ੀ ਦੀ ਝਾਕ ਵਿੱਚ ਭਾਰਤ ਦੀਆਂ ਛੋਟੀਆਂ ਪਾਰਟੀਆਂ

-ਪ੍ਰਸ਼ਾਂਤ ਮਿਸ਼ਰ

ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦਾ ਗਣਿਤ ਬਦਲ ਦਿੱਤਾ ਹੈ। ਵੱਡੀਆਂ ਹੀ ਨਹੀਂ, ਛੋਟੀਆਂ, ਦਰਮਿਆਨੇ ਦਰਜੇ ਵਾਲੀਆਂ ਤੇ ਵਿਅਕਤੀਵਾਦੀ ਪਾਰਟੀਆਂ ਦੀ ਸੌਦੇਬਾਜ਼ੀ ਵਿੱਚ ਵਾਧਾ ਹੋਇਆ ਹੈ। ਕਾਂਗਰਸ ਨੇ ਪਹਿਲਾਂ ਤੋਂ ਇਨ੍ਹਾਂ ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰਨ ਦੀ ਨੀਤੀ ਬਣਾਈ ਹੋਈ ਸੀ, ਭਾਜਪਾ ਨੇ ਨਿਤਿਸ਼ ਕੁਮਾਰ ਨੂੰ ਆਪਣੀਆਂ ਜਿੱਤੀਆਂ ਹੋਈਆਂ ਪੰਜ ਸੀਟਾਂ ਦੇ ਕੇ ਉਸ ਦੀ ਨੀਤੀ ਉੱਤੇ ਅੱਗੇ ਚੱਲਣ ਦਾ ਇਸ਼ਾਰਾ ਕਰ ਦਿੱਤਾ। ਤੇਲੰਗਾਨਾ ਦੇ ਮੁੱਖ ਮੰਤਰੀ ਕੇ ਸੀ ਆਰ ਦੇ ਫੈਡਰਲ ਫਰੰਟ ਨੂੰ ਕੌਮੀ ਮੋਰਚੇ ਜਿਹੀ ਸਫਲਤਾ ਭਾਵੇਂ ਹੀ ਨਾ ਮਿਲ ਸਕੇ, ਪਰ ਖੇਤਰੀ ਪਾਰਟੀਆਂ ਦੀ ਫੈਸਲਾਕੁੰਨ ਭੂਮਿਕਾ ਨੂੰ ਨਕਾਰਨਾ ਸੰਭਵ ਨਹੀਂ।

ਚਰਨ ਸਿੰਘ, ਚੰਦਰ ਸ਼ੇਖਰ, ਐਚ ਡੀ ਦੇਵਗੌੜਾ ਅਤੇ ਇੰਦਰ ਕੁਮਾਰ ਗੁਜਰ-ਾਲ ਨੂੰ ਪ੍ਰਧਾਨ ਮੰਤਰੀ ਬਣਾਉਣ ਜਿਹੀ ਸਥਿਤੀ ਤਾਂ ਨਹੀਂ ਬਣੀ, ਪਰ 30 ਸਾਲ ਬਾਅਦ 2014 'ਚ ਪੂਰਨ ਬਹੁਮਤ ਵਾਲੀ ਸੰਭਾਵਨਾ ਫਿਲਹਾਲ ਦਿਖਾਈ ਨਹੀਂ ਦੇ ਰਹੀ ਤੇ ਜੇ ਏਦਾਂ ਹੁੰਦਾ ਹੈ ਤਾਂ ਇਨ੍ਹਾਂ ਪਾਰਟੀਆਂ ਦਾ ਦਾਬਾ ਵਧਣਾ ਲਾਜ਼ਮੀ ਹੈ। ਬਿਹਾਰ 'ਚ ਭਾਜਪਾ ਨੇ 22 ਸੀਟਾਂ ਜਿੱਤਣ ਤੋਂ ਬਾਅਦ ਵੀ ਦੋ ਪਾਰਲੀਮੈਂਟ ਮੈਂਬਰਾਂ ਵਾਲੀ ਪਾਰਟੀ ਜਨਤਾ ਦਲ ਯੂ ਨਾਲ ਬਰਾਬਰੀ ਦਾ ਰਿਸ਼ਤਾ ਬਣਾ ਕੇ ਸਾਫ ਸੰਕੇਤ ਦੇ ਦਿੱਤਾ ਹੈ ਕਿ ਉਸ ਨੇ ਵੀ ਜ਼ਮੀਨੀ ਸੱਚਾਈ ਸਮਝ ਕੇ ਪਲਾਨ ਬੀ ਉੱਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਬਿਹਾਰ ਵਿੱਚ ਐਨ ਡੀ ਏ ਸਰਕਾਰ ਵਿੱਚ ਸਹਿਯੋਗੀ ਲੋਕ ਜਨਸ਼ਕਤੀ ਪਾਰਟੀ ਦੇ ਵੀ ਮੰਤਰੀ ਹਨ, ਪਰ ਜਦੋਂ ਲੋਕ ਸਭਾ ਚੋਣਾਂ ਲਈ ਗੱਠਜੋੜ ਦੀ ਗੱਲ ਆਈ ਤਾਂ ਸਾਰਾ ਤਿਆਗ ਭਾਜਪਾ ਨੂੰ ਹੀ ਕਰਨਾ ਪਿਆ। ਭਾਜਪਾ ਨੇ ਲੋਕ ਜਨਸ਼ਕਤੀ ਪਾਰਟੀ ਨੂੰ ਬਿਹਾਰ 'ਚ ਨਾ ਸਿਰਫ ਛੇ ਸੀਟਾਂ ਦਿੱਤੀਆਂ, ਸਗੋਂ ਆਪਣੇ ਖਾਤੇ 'ਚੋਂ ਲੋਕ ਜਨਸ਼ਕਤੀ ਪਾਰਟੀ ਦੇ ਆਗੂ ਰਾਮ ਵਿਲਾਸ ਪਾਸਵਾਨ ਨੂੰ ਰਾਜ ਸਭਾ 'ਚ ਭੇਜਣ ਦਾ ਭਰੋਸਾ ਵੀ ਦਿੱਤਾ। ਇਸ ਤੋਂ ਪਹਿਲਾਂ ਉਹ ਪੂਰੇ ਪਰਵਾਰ ਨਾਲ ਮੁੰਬਈ ਜਾ ਕੇ ਬੈਠ ਗਏ ਸਨ। ਦੂਜੇ ਪਾਸੇ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਨੇ ਪੰਡਰਪੁਰ ਰੈਲੀ 'ਚ ਹਮਲਾਵਰ ਲਹਿਜ਼ੇ 'ਚ ਬੋਲ ਕੇ ਸੌਦੇਬਾਜ਼ੀ ਸ਼ੁਰੂ ਕਰ ਦਿੱਤੀ। ਲੰਬੇ ਅਰਸੇ ਤੋਂ ਭਾਜਪਾ ਤੇ ਸ਼ਿਵ ਸੈਨਾ ਦੇ ਰਿਸ਼ਤੇ ਖਰਾਬ ਹਨ। ਸ਼ਿਵ ਸੈਨਾ ਵੱਲੋਂ ਗੱਠਜੋੜ ਤੋਂ ਵੱਖ ਹੋ ਕੇ ਲੜਨ ਦੀਆਂ ਗੱਲਾਂ ਸੁਣੀਂਦੀਆਂ ਹਨ। ਉਹ ਕੇਂਦਰ ਤੇ ਮਹਾਰਾਸ਼ਟਰ ਸਰਕਾਰ 'ਚ ਸ਼ਾਮਲ ਹੋਣ ਦੇ ਬਾਵਜੂਦ ਭਾਜਪਾ ਲੀਡਰਸ਼ਿਪ ਨੂੰ ਅੱਖਾਂ ਦਿਖਾ ਰਹੀ ਹੈ, ਪਰ ਭਾਜਪਾ ਚੁੱਪ ਹੈ। ਸ਼ਾਇਦ ਇਸੇ ਕਾਰਨ ਆਪਣੀ ਪਾਰਟੀ ਤੇ ਸੁਹੇਲਦੇਵ ਭਾਰਤੀ ਸਮਾਜ ਪਾਰਟੀ ਜਿਹੀਆਂ ਪਾਰਟੀਆਂ ਵੀ ਸਿਆਸੀ ਹੈਸੀਅਤ ਤੋਂ ਜ਼ਿਆਦਾ ਵਸੂਲਣ ਦੀ ਤਾਕ 'ਚ ਹਨ।

ਭਾਜਪਾ ਨੇ ਆਪਣੀਆਂ ਸਹਿਯੋਗੀ ਪਾਰਟੀਆਂ ਨੂੰ ਹੱਦ ਤੋਂ ਵੱਧ ਸੀਟਾਂ ਦਿੱਤੀਆਂ ਤਾਂ ਸਾਫ ਹੋ ਜਾਵੇਗਾ ਕਿ ਛੋਟੀਆਂ ਤੇ ਦਰਮਿਆਨੇ ਦਰਜੇ ਦੀਆਂ ਪਾਰਟੀਆਂ ਆਪਣੀ ਅਸਲ ਸ਼ਕਤੀ ਤੋਂ ਜ਼ਿਆਦਾ ਸੌਦੇਬਾਜ਼ੀ ਕਰਨ 'ਚ ਸਫਲ ਰਹੀਆਂ ਹਨ। ਬੀਤੇ ਦਿਨਾਂ 'ਚ ਛੋਟੀਆਂ ਪਾਰਟੀਆਂ ਵੱਲੋਂ ਜਿਹੋ ਜਿਹੇ ਬਿਆਨ ਆਏ ਹਨ, ਉਹ ਦਰਸਾਉਂਦੇ ਤੇ ਚੇਤੰਨ ਵੀ ਕਰਦੇ ਹਨ ਕਿ ਜਨਤਾ ਨੇ ਵੋਟ ਦੇਣ 'ਚ ਸਮਝਦਾਰੀ ਨਾ ਦਿਖਾਈ ਤਾਂ ਸ਼ਾਸਨ ਪ੍ਰਸ਼ਾਸਨ ਦੇ ਪੱਖੋਂ ਚੰਗੀ ਗੱਲ ਨਹੀਂ। ਇਸ ਦੀ ਥਾਂ ਦਬਾਅ ਦੀ ਰਾਜਨੀਤੀ ਤੇ ਮਜਬੂਰ ਪ੍ਰਸ਼ਾਸਨ ਦੇ ਦਿਨ ਸ਼ੁਰੂ ਹੋ ਸਕਦੇ ਹਨ। ਛੋਟੀਆਂ ਤੇ ਦਰਮਿਆਨੇ ਦਰਜੇ ਦੀਆਂ ਪਾਰਟੀਆਂ 'ਚੋਂ ਸਿਰਫ ਸੀ ਪੀ ਐਮ ਅਤੇ ਬਸਪਾ ਹੀ ਕੌਮੀ ਪਾਰਟੀਆਂ ਹਨ। ਇਨ੍ਹਾਂ ਦੀ ਪ੍ਰਤੀਨਿਧਤਾ ਜਿੰਨੀ ਵੀ ਹੋਵੇ, ਇਨ੍ਹਾਂ ਦਾ ਆਧਾਰ ਖੇਤਰੀ ਪਾਰਟੀਆਂ ਤੋਂ ਵੱਡਾ ਹੈ। ਬਾਕੀ ਸਾਰੀਆਂ ਪਾਰਟੀਆਂ ਦਾ ਦਾਇਰਾ ਆਪੋ ਆਪਣੇ ਸੂਬੇ ਤੱਕ ਸਿਮਟਿਆ ਹੋਇਆ ਹੈ। ਖੱਬੇ ਪੱਖੀ ਪਾਰਟੀਆਂ ਦਾ ਵੱਖਰੀ ਰਾਹ ਉੱਤੇ ਚੱਲਣਾ ਉਨ੍ਹਾਂ ਦੀ ਮਜਬੂਰੀ ਹੈ। ਉਨ੍ਹਾਂ ਕੋਲ ਸਿਰਫ ਇਕੋ ਕੇਰਲ ਬਚਿਆ ਹੈ ਅਤੇ ਉਥੇ ਕਾਂਗਰਸ ਨਾਲ ਸਮਝੌਤਾ ਕਰਨਾ ਆਤਮਘਾਤੀ ਹੋਵੇਗਾ। ਇਹੋ ਕਾਰਨ ਹੈ ਕਿ ਉਨ੍ਹਾਂ ਵੱਲੋਂ ਵਾਰ-ਵਾਰ ਬਿਆਨ ਆਉਂਦਾ ਹੈ ਕਿ ਚੋਣਾਂ ਤੋਂ ਪਹਿਲਾਂ ਗੱਠਜੋੜ ਦੇ ਕੋਈ ਮਾਅਨੇ ਨਹੀਂ।

ਗੱਠਜੋੜ ਚੋਣਾਂ ਤੋਂ ਬਾਅਦ ਹੀ ਬਣਾਉਣਾ ਠੀਕ ਹੋਵੇਗਾ, ਪਰ ਦੂਜੀਆਂ ਕਈ ਪਾਰਟੀਆਂ ਹਨ, ਜੋ ਚੋਣਾਂ ਤੋਂ ਪਹਿਲਾਂ ਗੱਠਜੋੜ ਚਾਹੁੰਦੀਆਂ ਹਨ। ਇਨ੍ਹਾਂ ਖੇਤਰੀ ਪਾਰਟੀਆਂ ਦਾ ਇਕ ਧੜਾ ਕੇ ਸੀ ਆਰ ਤਿਆਰ ਕਰ ਰਹੇ ਹਨ। ਉਨ੍ਹਾਂ ਨੇ ਮਮਤਾ ਬੈਨਰਜੀ ਅਤੇ ਨਵੀਨ ਪਟਨਾਇਕ ਵਰਗੇ ਆਗੂਆਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਸ਼ੁਰੂ ਕੀਤੀ ਹੈ। ਇਸ ਤੋਂ ਪਹਿਲਾਂ ਚੰਦਰਬਾਬੂ ਨਾਇਡੂ ਨੇ ਵੀ ਅਜਿਹੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਪਹਿਲਾਂ ਮਮਤਾ ਬੈਨਰਜੀ ਇਸੇ ਤਰ੍ਹਾਂ ਦੀ ਕਵਾਇਦ 'ਚ ਜੁਟੀ ਸੀ। ਇਸ ਤੋਂ ਇਹੋ ਸਾਫ ਹੁੰਦਾ ਹੈ ਕਿ ਖੇਤਰੀ ਪਾਰਟੀਆਂ ਦੀ ਖਾਹਿਸ਼ ਵਧੀ ਹੈ।

ਆਪੋ ਆਪਣੇ ਸੂਬੇ ਤੱਕ ਸਿਮਟੇ ਹੋਣ ਦੇ ਬਾਵਜੂਦ ਖੇਤਰੀ ਪਾਰਟੀਆਂ ਕੌਮੀ ਪੱਧਰ ਉਤੇ ਆਪਣੀ ਪਕੜ ਮਜ਼ਬੂਤ ਕਰਕੇ ਖੇਤਰੀ ਖਾਹਿਸ਼ਾਂ ਨੂੰ ਸਾਧਣਾ ਚਾਹੁੰਦੀਆਂ ਹਨ। ਇਸ ਲਈ ਫੈਡਰਲ ਫਰੰਟ ਦੀ ਕੋਸ਼ਿਸ਼ ਸ਼ੁਰੂ ਹੋਈ ਹੈ, ਪਰ ਇਹ ਵੀ ਸੱਚਾਈ ਹੈ ਕਿ ਫੈਡਰਲ ਫਰੰਟ ਤਦੇ ਬਣ ਸਕਦਾ ਹੈ ਜੇ ਉਤਰ ਪ੍ਰਦੇਸ਼ ਦੀ ਵੱਡੀ ਪਾਰਟੀ ਯਾਨੀ ਬਸਪਾ ਅਤੇ ਸਮਾਜਵਾਦੀ ਪਾਰਟੀ ਵੀ ਇਸ ਵਿੱਚ ਸ਼ਾਮਲ ਹੋ ਜਾਣ। ਹਾਲੇ ਤੱਕ ਜੋ ਕੁਝ ਦਿਸ ਰਿਹਾ ਹੈ, ਉਸ ਵਿੱਚ ਇਸ ਦੀ ਜ਼ਿਆਦਾ ਗੁੰਜਾਇਸ਼ ਨਹੀਂ। ਬਸਪਾ ਤੇ ਸਮਾਜਵਾਦੀ ਪਾਰਟੀ ਨੇ ਕਾਂਗਰਸ ਤੋਂ ਭਾਵੇਂ ਹੀ ਦੂਰੀ ਬਣਾ ਰੱਖੀ ਹੈ, ਪਰ ਉਨ੍ਹਾਂ ਵੱਲੋਂ ਵਾਰ-ਵਾਰ ਯਾਦ ਕਰਵ-ਾਇਆ ਜਾ ਰਿਹਾ ਹੈ ਕਿ ਕਾਂਗਰਸ ਹੰਕਾਰੀ ਹੈ। ਹਾਲੇ ਇਹ ਦੋਵੇਂ ਪਾਰਟੀਆਂ ਫੈਡਰਲ ਫਰੰਟ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਵੀ ਨਹੀਂ ਦਿੱਸਦੀਆਂ। ਸੱਚਾਈ ਇਹ ਹੈ ਕਿ ਫੈਡਰਲ ਫਰੰਟ ਵੀ ਸੌਦੇਬਾਜ਼ੀ ਦਾ ਇਕ ਮੋਰਚਾ ਹੋਵੇਗਾ। ਨਤੀਜੇ ਤੋਂ ਬਾਅਦ ਜੇ ਕਿਸੇ ਧੜੇ ਨੂੰ ਜ਼ਰੂਰਤ ਹੋਈ ਤਾਂ ਇਕਜੁੱਟ ਹੋ ਕੇ ਜ਼ਿਆਦਾ ਮੁੱਲ ਭਾਅ ਕੀਤਾ ਜਾ ਸਕਦਾ ਹੈ।

ਕਾਂਗਰਸ ਨੇ ਹਾਲ ਹੀ 'ਚ ਤਿੰਨ ਸੂਬਿਆਂ 'ਚ ਸਰਕਾਰ ਬਣਾਈ ਹੈ। ਇਸ ਤੋਂ ਬਾਅਦ ਉਸ ਨੂੰ ਉਮੀਦ ਸੀ ਕਿ ਉਹ ਆਸਾਨੀ ਨਾਲ ਵਿਰੋਧੀ ਧਿਰ ਦਾ ਧੁਰਾ ਬਣ ਜਾਵੇਗੀ, ਪਰ ਹਾਲੇ ਅਜਿਹਾ ਹੋ ਨਹੀਂ ਸਕਿਆ। ਉਲਟਾ ਕੁੜੱਤਣ ਥੋੜ੍ਹੀ ਹੋਰ ਵਧਣ ਲੱਗੀ ਹੈ। ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਨੇ ਕੁਝ ਦਿਨ ਪਹਿਲਾਂ ਇਸ ਦਾ ਇਜ਼ਹਾਰ ਵੀ ਕੀਤਾ। ਉਨ੍ਹਾਂ ਦਾ ਜੋ ਮੌਜੂਦਾ ਰੁਖ ਹੈ, ਉਸ 'ਚ ਕਾਂਗਰਸ ਨੂੰ ਹੀ ਤਾਲਮੇਲ ਬਿਠਾਉਣਾ ਹੋਵੇਗਾ।

ਖੇਤਰੀ ਪਾਰਟੀਆਂ ਦੀ ਵਧੀ ਹੋਈ ਸ਼ਕਤੀ ਨਾਲ ਤਾਲਮੇਲ ਬਿਠਾਉਣ 'ਚ ਭਾਜਪਾ ਤੇ ਕਾਂਗਰਸ ਦੋਵਾਂ ਨੂੰ ਸਮੱਸਿਆ ਹੋਵੇਗੀ। ਕਾਂਗਰਸ ਨੂੰ ਪਤਾ ਹੈ ਕਿ ਜਿਨ੍ਹਾਂ ਸਿਆਸੀ ਪਾਰਟੀਆਂ ਨੂੰ ਲੈ ਕੇ ਉਹ ਸੱਤਾ 'ਚ ਵਾਪਸ ਆਉਣਾ ਚਾਹੁੰਦੀ ਹੈ, ਉਹ ਉਸ ਨੂੰ ਸਹਾਰਾ ਬਣਾ ਕੇ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੀਆਂਹਨ। ਵਰਨਾ ਕੋਈ ਕਾਰਨ ਨਹੀਂ ਸੀ ਕਿ ਮਮਤਾ ਬੈਨਰਜੀ ਇਹ ਤਜ਼ਵੀਜ਼ ਰੱਖ ਦੇਂਦੀ ਕਿ ਜਿਸ ਸੂਬੇ 'ਚ ਜੋ ਪਾਰਟੀਆਂ ਮਜ਼ਬੂਤ ਹਨ, ਬਾਕੀ ਪਾਰਟੀਆਂ ਇਕੱਠੀਆਂ ਹੋ ਕੇ ਉਸ ਨੂੰ ਵਧਾਉਣ। ਜੇ ਇਹ ਤਜਵੀਜ਼ ਮੰਨੀ ਗਈ ਤਾਂ ਪੱਛਮੀ ਬੰਗਾਲ ਵਿੱਚ ਖੁਦ ਤ੍ਰਿਣਮੂਲ ਕਾਂਗਰਸ, ਉਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਅਤੇ ਬਸਪਾ, ਤਾਮਿਲ ਨਾਡੂ ਵਿੱਚ ਡੀ ਐਮ ਕੇ, ਬਿਹਾਰ 'ਚ ਐਨ ਡੀ ਏ, ਓਡੀਸ਼ਾ 'ਚ ਬੀਜੂ ਜਨਤਾ ਦਲ ਆਦਿ ਪਾਰਟੀਆਂ ਦਾ ਦਬਦਬਾ ਹੋਵੇਗਾ। ਫਿਰ ਕਾਂਗਰਸ ਲੜੇਗੀ ਕਿੱਥੋਂ ਤੇ ਕਿੰਨੀਆਂ ਸੀਟਾਂ ਜਿੱਤੇਗੀ? ਸੱਚਾਈ ਇਹ ਹੈ ਕਿ ਭਾਜਪਾ ਖਿਲਾਫ ਖੜੀਆਂ ਦਿਸ ਰਹੀਆਂ ਪਾਰਟੀਆਂ ਵੀ ਕਾਂਗਰਸ ਨੂੰ ਮਜ਼ਬੂਤ ਹੁੰਦਿਆਂ ਨਹੀਂ ਦੇਖਣਾ ਚਾਹੁੰਦੀਆਂ।

ਭਾਜਪਾ ਦੀ ਸਥਿਤੀ ਵੱਖਰੀ ਹੈ ਤੇ ਇਸ ਦਾ ਇਕ ਕਾਰਨ ਇਹ ਹੈ ਕਿ ਆਂਧਰਾ ਪ੍ਰਦੇਸ਼, ਓਡੀਸ਼ਾ ਤੇ ਪੱਛਮੀ ਬੰਗਾਲ 'ਚ ਭਾਜਪਾ ਕਾਂਗਰਸ ਨੂੰ ਪਿੱਛੇ ਧੱਕਣ 'ਚ ਕਾਮਯਾਬ ਹੋਈ ਹੈ। ਪੱਛਮੀ ਬੰਗਾਲ ਤੇ ਓਡੀਸ਼ਾ 'ਚ ਉਸ ਨੇ ਮੁੱਖ ਵਿਰੋਧੀ ਧਿਰ ਦੀ ਹੈਸੀਅਤ ਹਾਸਲ ਕਰ ਲਈ ਹੈ। ਇਸੇ ਕਾਰਨ ਟੀ ਡੀ ਪੀ, ਬੀਜੂ ਜਨਤਾ ਦਲ ਤੇ ਤ੍ਰਿਣਮੂਲ ਕਾਂਗਰਸ ਨੂੰ ਭਾਜਪਾ ਨਾਲ ਸਮਝੌਤਾ ਕਰਨ 'ਚ ਮੁਸ਼ਕਲ ਹੋ ਰਹੀ ਹੈ। ਜਿਨ੍ਹਾਂ ਸੂਬਿਆਂ 'ਚ ਭਾਜਪਾ ਹੈ, ਉਥੇ ਸਹਿਯੋਗੀ ਪਾਰਟੀਆਂ ਬਦਲੇ ਹੋਏ ਮਾਹੌਲ ਦਾ ਲਾਭ ਲੈਣਾ ਚਾਹੁੰਦੀਆਂ ਹਨ। ਇਹ ਸਾਫ ਦਿੱਸਦਾ ਹੈ ਕਿ ਭਾਜਪਾ ਨੂੰ ਜਾਰਜ ਫਰਨਾਂਡਿਜ਼ ਜਿਹੇ ਯੋਗ ਲੀਡਰ ਦੀ ਕਮੀ ਸਤਾ ਰਹੀ ਹੈ। ਉਨ੍ਹਾਂ ਵਰਗੀ ਪੈਰਵੀ ਕਰਨ ਵਾਲੀ ਅਜਿਹੀ ਕੋਈ ਹਸਤੀ ਖੜੀ ਨਹੀਂ ਹੋ ਸਕੀ, ਜੋ ਤਾਮਿਲ ਨਾਡੂ ਤੋਂ ਲੈ ਕੇ ਕਸ਼ਮੀਰ ਤੱਕ ਸੰਭਾਵਿਤ ਸਹਿਯੋਗੀ ਪਾਰਟੀਆਂ ਨਾਲ ਸਿੱਧੀ ਗੱਲ ਕਰ ਸਕੇ ਤੇ ਜਿਸ 'ਤੇ ਸਹਿਯੋਗੀ ਪਾਰਟੀਆਂ ਵੀ ਭਰੋਸਾ ਕਰ ਸਕਣ। ਪਿੱਛੇ ਜਿਹੇ ਭਾਜਪਾ ਨੇ 17 ਸੂਬਿਆਂ ਦੇ ਇੰਚਾਰਜ ਬਣਾਏ ਹਨ, ਪਰ ਅਜਿਹੇ ਘੱਟ ਹਨ, ਜੋ ਸਬੰਧਤ ਸੂਬਿਆਂ 'ਚ ਪਾਰਟੀ ਦੇ ਆਗੂਆਂ ਦੇ ਵੀ ਦਿਲ ਜਿੱਤ ਸਕਣ। ਕਾਂਗਰਸ 'ਚ ਵੀ ਇਹੋ ਹਾਲ ਹੈ। ਛੋਟੀਆਂ ਪਾਰਟੀਆਂ ਵੱਲੋਂ ਆਪਣਾ ਰੁਤਬਾ ਵਧਾਉਣ ਦੀ ਕੋਸ਼ਿਸ਼ ਹੈਰਾਨੀ ਜਨਕ ਨਹੀਂ ਪਰ ਕੌਮੀ ਰਾਜਨੀਤੀ ਲਈ ਉਨ੍ਹਾਂ ਦਾ ਦਬਦਬਾ ਚੰਗਾ ਨਹੀਂ ਹੋਵੇਗਾ।

## ਹਲਕਾ ਫੁਲਕਾ

ਮੁੰਡਾ (ਕੁੜੀ ਨੂੰ), ''ਸੁਣ, ਚਿੱਟੀ ਸਲਵਾਰ ਤੇ ਪੀਲਾ ਕੁੜਤਾ ਨਾ ਪਾਇਆ ਕਰ।''

ਕੁੜੀ, ''ਉਹ ਕਿਉਂ?''

ਮੁੰਡਾ, ''ਕੱਲ੍ਹ ਮੰਮੀ ਕਹਿ ਰਹੀ ਸੀ ਕਿ ਦੇਖ, ਤੇਰੀ ਕੜ੍ਹੀ-ਚੌਲ ਆ ਰਹੀ ਹੈ।''

*********

ਸੁੰਦਰ ਕਈ ਦਿਨਾਂ ਤੋਂ ਇੱਕ ਕੁੜੀ ਦਾ ਪਿੱਛਾ ਕਰ ਰਿਹਾ ਸੀ। ਇੱਕ ਦਿਨ ਕੁੜੀ ਉਸ ਦੀ ਗੱਲ ਸੁਣਨ ਲਈ ਰੁਕ ਗਈ।

ਸੁੰਦਰ ਬੋਲਿਆ, ''ਦਿਲਰੁਬਾ ਮੈਨੂੰ ਆਪਣਾ ਦਿਲ ਦੇ ਦੇ, ਫਿਰ ਦੇਖ ਮੈਂ ਕੀ ਕਰਦਾ ਹਾਂ।''

ਕੁੜੀ, ''ਕੱਲ੍ਹ ਆਵੀਂ, ਕੱਲ੍ਹ ਦਿਲ ਦੇ ਦੇਵਾਂਗੀ।''

ਅਗਲੇ ਦਿਨ ਕੁੜੀ ਆਪਣੇ ਨਾਲ ਬੱਚਾ ਲੈ ਕੇ ਆਈ ਅਤੇ ਸੁੰਦਰ ਨੂੰ ਦੇ ਦਿੱਤਾ।

ਸੁੰਦਰ, ''ਇਹ ਕੀ ਹੈ?''


ਕੁੜੀ, ''ਇਹ ਮੇਰਾ ਦਿਲ ਹੈ।''

ਸੁੰਦਰ, ''...ਪਰ ਇਹ ਤਾਂ ਬੱਚਾ ਹੈ।''

ਕੁੜੀ, ''ਦਿਲ ਤੋ ਬੱਚਾ ਹੈ ਜੀ।''

*********

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224

# ਪੰਜਾਬੀ ਗਾਇਕੀ ਦਾ ਬਾਬਾ ਬੋਹੜ ਗੁਰਦਾਸ ਮਾਨ



40 ਸਾਲਾਂ ਤੋਂ ਲੋਕਾਂ ਦਾ ਹਰਮਨ ਪਿਆਰਾ ਗਾਇਕ ਬਣਿਆ ਹੋਇਆ ਹੈ, ਮਰ ਜਾਣਾ ਮਾਨ
ਯੰਗ ਲੜ੍ਹਲਾ ਗੇ ਤਲਵਾਰ ਤੋਂ ਬਿਨ੍ਹਾਂ, ਕਿਵੇਂ ਕਰਾਂਗਾ ਗੁਜ਼ਾਰਾ ਤੇਰੇ ਪਿਆਰ ਤੋਂ ਬਿਨ੍ਹਾਂ, ਕਦੇ ਮਿੱਟੀ ਦੀ ਮੂਲ ਦੀ ਅਦਬ ਦੀ ਗੱਲ ਜਦੋ ਵੀ ਕਰਦਾ ਕਦੇ ਗੱਜਬ ਦੀ ਗੱਲ ਨਸ਼ਲਾ ਨੂੰ ਫਸ਼ਲਾ ਨੂੰ ਅਕਲਾ ਨੂੰ ਸੇਧਣਾ, ਬਿਰਲਾ ਹੀ ਜਾਣੇ ਚੰਗੀ ਮੰਦੀ ਦੀ ਭੇਦਣਾ ਨਿਮਰਤਾ ਚ ਰੱਖੇ ਜਿਹਨੂੰ ਮਾਂ ਦੀ ਅਰਦਾਸ ਗੁਣੀ ਕੁੱਖੋ ਜੰਮਿਆ ਨਾਂ ਰੱਖਿਆ ਗੁਰਦਾਸ ਗੱਲ ਪਿੰਡ ਦੀਆਂ ਗਲੀਆ ਤੇ ਆਪਣੇ ਪੰਜਾਬ ਦੀ, ਪੰਜਾਬੀਏ ਜੁਬਾਨੀ ਤੈਨੂੰ ਹੀਰ ਵਾਜਾਂ ਮਾਰਦੀ, ਛੱਲਿਆ ਵੇ ਮੇਲਾ ਚਾਰ ਦਿਨਾਂ ਦਾ, ਮਸਤੀ ਜੁਬਾਨੀ ਵੇਲਾ ਚਾਰ ਦਿਨਾਂ ਦਾ, ਥੋੜਾ ਥੋੜਾ ਹੱਸਣਾ ਜਰੂਰ ਚਾਹੀਦਾ, ਮੰਜਿਲਾਂ ਨੂੰ ਪਾਉਣ ਲਈ ਫਤੂਰ ਚਾਹੀਦਾ, ਜਰੀ ਨਹੀਉ ਜਾਣੀ ਪੀੜ ਸੱਜਣਾਂ ਦੇ ਜਾਣ ਦੀ ਯਾਦ ਰੱਖੀ ਗੱਲ ਕਾਕਾ ਜਿਉਣ ਜੋਗੇ ਮਾਨ ਦੀ ਸੁਰ ਤੂੰਬੇ ਦੀਆਂ ਬੀਨਾਂ ਵਰਗੀ, ਤੇਰੀ ਤੋਰ ਸੋਕੀਨਾਂ ਵਰਗੀ ਸੋਹਣੀ ਸ਼ਕਲ ਹਸੀਨਾ ਵਰਗੀ ਸਜੀਆ ਦਾ ਕੀ ਸੱਜਣਾ, ਸੱਜਣਾ ਵੇ ਸੱਜਣਾ

ਵਲੈਤਣ, ਇਸ਼ਕ ਦਾ ਗਿੱਧਾ, ਜੋਗੀਆ, ਹੀਰ, ਰੋਟੀ, ਯਾਰ ਮੇਰਾ ਪਿਆਰ, ਬੂਟ ਪਾਲਿਸ਼ਾ, ਜਾਦੂਗਰੀਆ, ਛੱਲਾ, ਮਸਤੀ, ਪੀੜ ਤੇਰੇ ਜਾਨ ਦੀ, ਅੱਖੀਆ ਉਡੀਕਦੀਆਂ,ਪੰਜਾਬ ਵਰਗੀਆ ਅਨੇਕਾਂ ਹੀ ਗੀਤਾਂ ਨਾਲ ਕਰੋੜਾ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਅਦਬ ਪਿਆਰ ਤੇ ਸਤਿਕਾਰ ਦਾ ਸੁਮੇਲ ਪੰਜਾਬੀ ਗਾਇਕੀ ਦੇ ਬਾਬਾ ਬੋਹੜ ਅਤੇ ਪੂਰੀ ਦੁਨੀਆ ਦੇ ਹਰਮਨ ਪਿਆਰੇ ਗਾਇਕ ਗੁਰਦਾਸ ਮਾਨ ਜਿੰਨ੍ਹਾਂ ਨੇ ਅੱਜ ਤਕ ਜੋ ਵੀ ਲਿਖੀਆ, ਗਾਇਆ ਦਰਸ਼ਕਾਂ ਨੇ ਖਿੜੇ ਮੱਥੇ ਕਬੂਲ ਕੀਤਾ॥ ਪੰਜਾਬੀ ਸੱਭਿਆਚਾਰ ਨੂੰ ਆਪਣੇ ਅੰਦਰ ਸਮੋਈ ਬੈਠੇ ਮਾਨ ਸਾਹਬ ਨੇ ਕਦੇ ਵੀ ਆਪਣੇ ਦਰਸ਼ਕਾ ਨੂੰ ਨਿਰਾਸ਼ ਨਹੀ ਕੀਤਾ, ਸਗੋਂ ਆਪਣੀ ਗਾਇਕੀ ਰਾਹੀ ਚੰਗੀ ਨਸੀਹਤ ਹੀ ਦਿੱਤੀ॥

ਜਿਲ੍ਹਾ ਮੁਕਤਸਰ ਸਾਹਿਬ ਚ ਪੈਂਦੇ ਗਿੱਦੜਬਾਹਾ ਚ 4 ਜਨਵਰੀ 1957 ਨੂੰ ਮਾਤਾ ਤੇਜ ਕੋਰ ਦੀ ਕੁੱਖੋਂ ਪਿਤਾ ਗੁਰਦੇਵ ਸਿੰਘ ਦੇ ਘਰ ਜਨਮ ਹੋਇਆ, ਮੁੱਡਲੀ ਪ੍ਰੀਖਿਆ ਗਿੱਦੜਬਾਹਾ ਤੋਂ, ਬੀ.ਏ. ਬਠਿੰਡਾ ਤੋ ਕਰਨ ਉਪਰੰਤ ਫਿਜੀਕਲ ਐਜੂਕੇਸ਼ਨ ਦੀ ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋ ਕੀਤੀ ਕਾਲਜ ਦੇ ਦਿਨਾਂ ਵਿਚ ਮਾਨ ਸਾਹਿਬ ਐਥਲੀਟ ਵੋ ਰਹਿ ਚੁੱਕੇ ਹਨ ਜੂਡੋ ਕਰਾਟੇ ਵਿਚ ਬਲੈਕ ਬੈਲਟ ਦਾ ਖਿਤਾਬ ਵੀ ਉਨ੍ਹਾਂ ਦੇ ਨਾਂ ਹੈ ਕਾਲਜ ਸਮੇਂ ਆਪ ਜੀ ਹਰਪਾਲ ਟਿਵਾਣਾ ਨਾਲ ਥੀਏਟਰ ਕਰਨਾ ਸ਼ੁਰੂ ਕੀਤਾ,ਥੀਏਟਰ ਕਰਦੇ ਸਮੇਂ ਆਪ ਨੇ ਗਾਇਕੀ ਦੇ ਰੰਗ ਨਿਖਾਰਨੇ ਸੁਰੂ ਕਰ ਦਿੱਤੇ ਸਨ॥

ਪੜ੍ਹਾਈ ਪੂਰੀ ਹੋਣ ਤੇ ਆਪ ਨੇ ਬਿਜਲੀ ਬੋਰਡ ਦੀ ਨੌਕਰੀ ਕੀਤੀ, ਮੁਕਤਸਰ ਸਾਹਿਬ ਵਿਖੇ ਇਕ ਕਾਲਜ ਵਿਖੇ ਬਤੌਰ ਪ੍ਰੋਫੈਸਰ ਨੌਕਰੀ ਸੁਰੂ ਕੀਤੀ, ਪਰ ਆਪ ਦਾ ਦਿਲ ਨੌਕਰੀ ਵੱ ਘੱਟ ਤੇ ਗਾਇਕੀ ਵੱਲ ਜ਼ਿਆਦਾ ਹੋਣ ਕਾਰਨ, ਨੌਕਰੀ ਨੂੰ ਛੱਡ ਗਾਇਕੀ ਨੂੰ ਅਪਣਾਇਆ ਅਤੇ ਪਹਿਲਾ ਗੀਤ ਜਲੰਧਰ ਦੂਰਦਰਸ਼ਨ ਤੇ 1980 ਚ "ਦਿਲ ਦਾ ਮਾਮਲਾ" ਗੀਤ ਲੈ ਆਇਆ ਤਾਂ ਚਾਰੇ ਪਾਸੇ ਗੁਰਦਾਸ ਮਾਨ ਦਾ ਨਾਮ ਰੁਸਨਾਉਣ ਲੱਗ ਪਿਆ॥ ਇਹ ਗੀਤ ਇੰਨ੍ਹਾਂ ਪ੍ਰਸਿੱਧ ਹੋਇਆ ਕਿ ਮਾਨ ਸਾਹਿਬ ਰਾਤੋ ਰਾਤ ਆਮ ਇਨਸਾਨ ਤੋ ਸੁਪਰਸਟਾਰ ਬਣ ਗਏ॥ ਇਸ ਤੋ ਬਾਅਦ ਮਾਨ ਸਾਹਿਬ ਨੇ ਕਦੇ ਪਿੱਛੇ ਮੁੜ ਕੇ ਨਹੀ ਦੇਖਿਆ॥ ਮਾਨ ਸਾਹਿਬ ਦੁਨੀਆਂ ਭਰ ਵਿਚ ਪ੍ਰਸਿੱਧ ਹੋਣ ਮਗਰੋ ਵੀ ਘਮੰਡ ਤੋ ਕੂਹਾਂ ਦੂਰ ਹਨ ਹਰ ਇਕ ਨੂੰ ਨਿਮਰਤਾ ਨਾਲ ਮਿਲਣ ਵਾਲੇ ਮਾਨ ਨੂੰ 1998 ਏਸੀਆਈ ਅਤੇ ਮੀਡੀਆ ਪੁਰਸਕਾਰ ਨਾਲ ਸਨਮਾਨਿਆ ਗਿਆ, ਇਸ ਤੋ ਬਾਅਦ ਮਾਨ ਸਾਹਿਬ ਨੂੰ ਕੁੜੀਏ, ਅਤੇ ਹੀਰ ਦੇ ਲਿਖੇ ਅਤੇ ਗਾਏ ਗੀਤਾਂ ਬਦਲੇ ਬੈਸਟ ਆਫ ਦੀ ਈਅਰ ਨਾਲ2005 ਵਿਚ ਈ.ਟੀ.ਸੀ. ਚੈਨਲ ਵੱਲੋ ਸਨਮਾਨਿਆ ਗਿਆ, 7 ਸਤੰਬਰ 2010 ਨੂੰ ਬਾਲਰਹੈਮਪਟਨ ਯੂਨੀਵਰਸਿਟੀ ਵੱਲੋ ਸੰਗੀਤ ਦੀ ਡਾਕਰੇਕਟ ਆਫ ਮਿਊਜਿਕ ਨਾਲ ਸਨਮਾਨਿਆ ਗਿਆ, 2009 ਵਿਚ ਬੂਟ ਪਾਲਿਸ਼ਾ ਐਲਬਮ ਨੂੰ ਯੂ. ਕੇ ਏਸ਼ੀਅਨ ਮਿਊਜਿਕ ਐਵਾਰਡ, 1999 ਵਿਚ ਫਿਲਮ ਸ਼ਹੀਦੇ ਮੁਹੱਬਤ ਬੂਟਾ ਸਿੰਘ, 2006 ਵਿਚ ਫਿ਼ਲਮ ਇਸ਼ਕ ਦਾ ਵਾਰਿਸ ਸਾਹ ਲਈ ਬੈਸਟ ਐਕਟਰ ਦਾ ਐਵਾਰਡ ਅਤੇ 2005 ਵਿਚ ਇਸ਼ਕ ਦਾ ਵਾਰਿਸ ਸਾਹ ਨੂੰ ਔਸਕਰ ਲਈ ਚੁਣੀ ਗਈ ਸਮੇਤ 2012 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋ ਵੀ ਪੰਜਾਬ ਦੇ ਮਾਣ ਗੁਰਦਾਸ ਮਾਨ ਨੂੰ ਡਾਕਟਰੇਟ ਡਿਗਰੀ ਵੀ ਪ੍ਰਦਾਨ ਕੀਤੀ॥ ਇਕ ਤੋ ਮਗਰੋ ਇਕ ਕਰੀਬ 310 ਰਿਕਾਰਡ ਤੌੜ ਕੇ ਲਿਖੇ ਅਤੇ 34 ਮਿਊਜਿਕ ਐਲਬਮ ਰਿਕਾਰਡ ਕੀਤੇ 1982 ਵਿਚ ਪਹਿਲੀ ਫਿਲਮ ਉਚਾ ਦਰ ਬਾਬੇ ਨਾਨਕ ਦਾ ਅਤੇ 1984 ਵਿਚ ਮਾਮਲਾ ਗੜਬੜ ਮਕਬੂਲ ਹੋਈ॥ ਸ਼ਹੀਦ ਏ ਮੁਹੱਬਤ ਬੂਟਾ ਸਿੰਘ, ਸਹੀਦ ਉਧਮ ਸਿੰਘ, ਉਚਾ ਦਰ ਬਾਬੇ ਨਾਨਕ ਦਾ, ਯਾਰੀਆ, ਦੇਸ਼ ਹੋਇਆ ਪ੍ਰਦੇਸ਼, ਸੁਖਮਨੀ, ਵੀਰ ਯਾਰਾ, ਚੱਕ ਜੁਬਾਨਾਂ, ਲੋਂਗ ਦਾ ਲਿਸ਼ਕਾਰਾ, ਇਸ਼ਕ ਦਾ ਵਾਰਿਸ, ਵਾਰਿਸ ਸ਼ਾਹ, ਮਿੰਨੀ ਪੰਜਾਬ, ਵਰਗੀਆ ਅਨੇਕਾਂ ਹੀ ਹਿੰਦੀ ਅਤੇ ਪੰਜਾਬੀ ਫਿਲਮਾ ਕੀਤੀਆ ਅਤੇ ਆਪਣੀ ਨਵੀਂ ਆ ਰਹੀ ਫਿ਼ਲਮ 'ਨਨਕਾਣਾ', ਇਸ ਫਿ਼ਲਮ ਨੂੰ ਉਨ੍ਹਾਂ ਦੀ ਪਤਨੀ ਮਨਜੀਤ ਮਾਨ ਡਇਰੈਕਟ ਕੀਤਾ ਹੈ, ਇਸ ਫਿਲਮ ਦੀ ਅਦਾਕਾਰ ਨਾਮਵਰ ਟੀਵੀ ਕਲਾਕਾਰ ਕਵਿਤਾ ਕੌਸ਼ਿਕ ਹਨ। ਇਸ ਤੋਂ ਪਹਿਲਾਂ ਫਿਲਮਾਂ ਵਿਚ ਮਾਨ ਸਾਹਿਬ ਨਾਲ ਬਾਲੀਵੁੱਡ ਦੀ ਮਸ਼ਹੂਰ ਅਦਾਕਾਰ ਜੂਹੀ ਚਾਵਲਾ, ਤੱਬੂ, ਦਿਵਿਆ ਦੱਤਾ, ਅਤੇ ਵੀਰ ਜਾਰਾ



ਫਿਲਮ ਵਿਚ ਪ੍ਰਿਟੀ ਜਿੰਟਾ ਅਤੇ ਸਾਹਰੁੱਖ ਖਾਨ ਨਾਲ ਕੰਮ ਕੀਤਾ॥ ਪੰਜਾਬੀ ਸਮੇਤ ਹਿੰਦੀ, ਤਾਮਿਲ, ਰਾਜਸਥਾਨੀ, ਹਰਿਆਣਵੀ, ਬੰਗਾਲੀ, 40 ਦੇ ਕਰੀਬ ਫਿਲਮਾਂ 'ਚ ਅਦਾਕਾਰੀ ਕਰ ਚੁੱਕੇ, ਮਾਨ ਸਾਹਿਬ ਦੀ ਪਤਨੀ ਮਨਜੀਤ ਮਾਨ ਫਿਲਮਾਂ ਵਿਚ ਜਿੱਥੇ ਮਾਨ ਦਾ ਸਾਥ ਦੇ ਰਹੇ ਹਨ ਉਥੇ ਉਨ੍ਹਾਂ ਦਾ ਬੇਟਾ ਗੁਰਇੱਕ ਮਾਨ ਵੀ ਬਾਲੀਵੁੱਡ ਵਿਚ ਫਿ਼ਲਮ ਇੰਡਸਟਰੀ ਵਿਚ ਕੰਮ ਕਰ ਰਹੇ ਹਨ॥

ਮਾਨ ਦੇ ਸਰੋਤੇ ਇਕੱਲੇ ਪੰਜਾਬੀ ਹੀ ਨਹੀ ਸਗੋ ਗੋਰੇ ਵੀ ਹਨ, ਜਦੋ ਮਾਨ ਸਾਹਿਬ ਵਰਲਡ ਟੂਰ ਦੋਰਾਨ ਕਨੇਡਾ ਦੀ ਧਰਤੀ ਤੇ ਸ਼ੋਅ ਕਰਨ ਲਈ ਗਏ ਸਨ, ਉਨ੍ਹਾਂ ਦਾ ਸ਼ੋਅ ਇੰਨ੍ਹਾ ਸਫਲ ਰਿਹਾ ਕਿ ਉਥੇ ਟੀ.ਵੀ, ਚੈਨਲਾਂ, ਰੇਡੀਉ ਅਤੇ ਮੀਡੀਆ ਮੁਤ-ਾਬਿਕ ਅੱਜ ਤੱਕ ਨਾ ਕਿਸੇ ਫਿਲਮੀ ਐਕਟਰ ਦੇ ਸ਼ੋਅ ਅਤੇ ਨਾ ਕਿਸੇ ਰਾਜਨੀਤਿਕ ਸਮਾਗਮ ਸਮੇਂ ਐਨਾ ਇਕੱਠ ਹੋ ਸਕਿਆ ਹੈ, ਜੋ ਸਾਡੀ ਲਈ ਮਾਣ ਵਾਲੀ ਗੱਲ ਹੈ॥ ਗੋਰਿਆ ਨੇ ਤਾਂ ਗੁਰਦਾਸ ਮਾਨ ਦਾ ਨਾਮ ਬਦਲ ਕੇ ਪੰਜਾਬੀਆ ਦਾ ਮਾਈਕਲ ਜੈਕਸ਼ਿਨ ਰੱਖ ਦਿੱਤਾ ਹੈ॥ ਮਾਨ ਸਾਹਿਬ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿਚ ਵੀ ਉਨੈ ਹੀ ਮਕਬੂਲ ਹਨ, ਜਿੰਨੇ ਪੰਜਾਬ ਵਿਚ, ਮਾਨ ਵੱਲੋ ਕੀਤੀ ਸੱਭਿਆਚਾਰਿਕ ਦੀ ਸੇਵਾ ਬਦਲੇ ਪੰਜਾਬ ਦੇ ਨਾਮਵਰ ਚੈਨਲ ਪੀ.ਟੀ.ਸੀ.ਚੈਨਲ ਸਰਬੰਸ ਦਾਨੀਆ ਵੇ ਦੇਣਾ ਕੌਣ ਦਿਊਗਾ ਤੇਰਾ'
ਚਾਰ ਪੁੱਤ ਬਾਰੇ, ਪੰਜਵੀਂ ਮਾਂ ਵਾਰੀ
ਛੇਵਾਂ ਬਾਪ ਵਾਰਿਆ, ਸੱਤਵਾਂ ਆਪ ਵਾਰਿਆ॥
ਸ਼ੱਤ ਵਾਰ ਕੇ ਕਹਿਨਾ, ਭਾਣਾ ਮਿੱਠਾ ਲਾਗੈ ਤੇਰਾ
.................. ਗੀਤ ਗਾ ਕੇ ਜਿੱਥੇ ਦੇਸ਼ ਵਿਚ ਅੱਜ ਦੀ ਨੌਜਵਾਨੀ ਜੋ ਧਰਮ ਤੋ ਦੂਰ ਹੁੰਦੀ ਜਾ ਰਹੀ ਹੈ, ਇਕ ਸੰਦੇਸ਼ ਦਿੱਤਾ ਹੈ, ਅਤੇ ਉਥੇ ਵਿਦੇਸੀ ਧਰਤੀ ਤੇ ਰਹਿਣ ਵਾਲੇ ਨੌਜਵਾਨਾਂ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਵੱਲੋ ਕੀਤੀ ਇਸ ਮਹਾਨ ਕੁਰਬਾਨੀ ਤੋ ਜਾਣੂੰ ਕਰਵਾਇਆ, ਇਸੇ ਤਰ੍ਹਾ ਦੇਸ਼ ਦੀ ਆਜ਼ਾਦੀ ਵਿਚ ਮੁੱਖ ਰੋਲ ਅਦਾ ਕਰਨ ਵਾਲੇ ਸ਼ਹੀਦੇ ਆਜ਼ਮ ਸ਼ਹੀਦ ਭਗਤ ਸਿੰਘ ਜੀ ਬਾਰੇ ਗਾਏ
"ਭਗਤ ਸਿੰਘ ਸਰਦਾਰ ਸੂਰਮਾਂ,
ਭਗਤ ਸਿੰਘ ਸਰਦਾਰ,
ਮੌਤ ਨੂੰ ਮਾਸੀ ਆਖਣ ਵਾਲਾ..............."
ਰਾਹੀ ਜਿੱਥੇ ਸਰਧਾਂਜਲੀ ਦਿੱਤੀ ਗਈ, ਉਥੇ ਅਨੇਕਾਂ ਹੀ ਹੋਰ ਵੀ ਗੀਤ ਹਨ, ਜਿੰਨ੍ਹਾਂ ਰਾਹੀ ਮਾਨ ਵੱਲੋ ਦੇਸ਼ ਵਾਸੀਆ ਨੂੰ ਸ਼ੰਦੇਸ ਹੀ ਦਿੱਤੇ ਗਏ ਹਨ॥ ਪੰਜਾਬ ਦੀ ਮਜੂਦਾ ਤਸਵੀਰ ਨੂੰ ਪੇਸ਼ ਕਰਦਾ ਗੀਤ 'ਕਿਹੜਾ ਕਿਹੜਾ ਦੁੱਖ ਦੱਸਾ ਮੈਂ ਪੰਜਾਬ ਦਾ
ਫੁੱਲ ਮਰਜਾਇਆ ਪਿਆ ਗੁਲਾਬ ਦਾ
ਸੁੱਕ ਗਈਆ ਮਰਜਾਈਆ ਟਾਹਣੀਆ
ਛੇਤੀ ਕਿਤੇ ਮੈਥੋ ਦੱਸੀਆ ਨੀ ਜਾਣੀਆ
ਹਰ ਪਾਸੇ ਨਸ਼ੇ ਦੀ ਹਨੇਰੀ ਝੁੱਲ ਗਈ
ਵੱਡਿਆ ਦਲੇਰਾਂ ਨੂੰ ਦਲੇਰੀ ਭੁੱਲ ਗਈ
ਗੱਭਰੂ ਪੰਜਾਬੀ ਨਸ਼ਿਆ ਨੇ ਮਾਰ ਤੇ
ਕੋਈ ਫਰਕ ਨੀ ਰਹਿ ਗਿਆ ਦੁੱਧ ਤੇ ਸਰਾਬ ਦਾ
ਪਾਣੀ ਪੀਣ ਯੋਗ ਵੀ ਰਿਹਾ ਨਾ ਢਾਬ ਦਾ
ਚਿੱਟੇ ਦਾ ਤੂਫਾਨ ਇੰਨ੍ਹਾ ਵਾਲਾ ਹੋ ਗਿਆ
ਰੰਗਲਾ ਪੰਜਾਬ ਮੇਰਾ ਕਾਲਾ ਹੋ ਗਿਆ
ਗੱਭਰੂ ਪੰਜਾਬੀ ਨਸ਼ਿਆ ਨੇ ਮਾਰ ਤੇ...
............ਗਾਇਆ ਇਸ ਗੀਤ ਦੀ ਵੀਡੀਉ ਜੋ ਆਪਣੇ ਆਪ ਵਿਚ ਇਕ ਵਿਲੱਖਣ ਕਿਸਮ ਦੀ ਵੀਡੀਉ ਹੈ ਜਿਸਨੂੰ ਦੇਖਣ ਤੇ ਮਜੂਦਾ ਪੰਜਾਬ ਜੋ ਹੁਣ ਨਸ਼ਿਆ ਤੇ ਫਸਲੀ ਜਹਿਰਾ ਡੁੱਬਿਆ ਪਿਆ ਹੈ ਦੀ ਹੂਬਹੂ ਤਸਵੀਰ ਪੇਸ਼ ਕਰਦਾ ਹੈ॥ ਇਸ ਗੀਤ ਨੇ ਪੰਜਾਬ ਦੇ ਸਿਆਸੀ ਗਲਾਰਿਆ ਨੂੰ ਕੰਬਣੀ ਛੇੜ ਦਿੱਤੀ ਉੱਥੇ ਹੀ ਪੰਜਾਬੀ ਗੱਭਰੂਆ ਨੂੰ ਨਸ਼ਿਆ ਤੋ ਦੂਰ ਰਹਿਣ ਦੀ ਨਸੀਹਤ ਦਿੱਤੀ॥

ਮਾਨ ਜੋ ਖਤਰਨਾਕ ਅਤੇ ਵੱਡੇ ਹਾਦਸੇ ਦਾ ਦੋ ਵਾਰ ਸਿਕਾਰ ਹੋ ਚੁੱਕੇ ਹਨ ਪਹਿਲਾ ਹਾਦਸਾ 9 ਜਨਵਰੀ 2001 ਨੂੰ ਰੋਪੜ ਨੇੜੇ ਵਾਪ-ਰਆ ਜਿਸ ਹਾਦਸੇ ਦੋਰਾਨ ਡਰਾਈਵਰ ਤੇਜਪਾਲ ਦੀ ਮੌਤ ਹੋ ਗਈ ਅਤੇ ਮਾਨ ਸਾਹਿਬ ਗੰਭੀਰ ਜਖਮੀ ਹੋ ਗਏ ਸਨ॥ ਹਾਦਸੇ ਦੋਰਾਨ ਮਾਰੇ ਗਏ ਭਰਾਵਾਂ ਵਰਗੇ ਡਰਾਈਵਰ ਤੇਜਪਾਲ ਦੀ ਮੌਤ ਨੇ ਮਾਨ ਨੂੰ ਧੁਰ ਅੰਦਰੋ ਝੰਜੋੜ ਕੇ ਰੱਖ ਦਿੱਤਾ ਤੇ ਭੋਗ ਸਮਾਗਮ ਦੋਰਾਨ ਮਾਨ ਨੇ ਇੱਕ ਸੱਚੀ ਸਰਧਾਂਜਲੀ 'ਬੈਠੀ ਸਾਡੇ ਨਾਲ ਇਕ ਸਵਾਰੀ ਉੱਤਰਗੀ' ਗੀਤ ਰਾਹੀ ਦਿੱਤੀ॥ ਦੂਸਰਾ ਹਾਦਸਾ ਨੋਇਡਾ ਤੋ ਸ਼ੋਅ ਲਾ ਕੇ ਆ ਰਹੇ ਵਾਪਿਸ ਚੰਡੀਗੜ ਆ ਰਹੇ ਸਨ ਤਾਂ ਅਚਾਨਕ ਉਨ੍ਹਾਂ ਦੀ ਕਾਰ 20 ਜਨਵਰੀ 2007 ਨੂੰ ਕਰਨਾਲ ਕੋਲ ਇੱਕ ਟਰੱਕ ਨਾਲ ਜਾ ਟਕਰਾਈ ਜਿਸ ਦੋਰਾਨ ਮਾਨ ਸਾਹਿਬ ਨੂੰ ਕਾਫੀ ਗੰਭੀਟ ਸੱਟਾਂ ਲੱਗੀਆ॥ ਘਰਾਂ ਵਿਚ ਬੈਠੀਆ ਪੁੱਤਾ ਨੂੰ ਉਡੀਕਦੀਆ ਲੱਖਾਂ ਕਰੋੜਾਂ ਮਾਵਾਂ ਦੀਆ ਦੁਆਵਾਂ ਨੇ ਮਾਨ ਨੂੰ ਬਚਾ ਲਿਆ॥
62 ਜਨਮ ਦਿਨ ਮਨਾ ਰਹੇ ਮਾਨ ਸਾਹਿਬ ਨਕੋਦਰ ਸਥਿਤ ਡੇਰਾ ਬਾਬਾ ਮੁਰਾਦ ਸ਼ਾਹ ਟਰੱਸਟ ਦੇ ਚੈਅਰਮੇਨ ਵੀ ਹਨ ਇਸ ਟਰੱਸਟ ਵੱਲੋ ਉਤਰਾਖੰਡ ਵਿਚ ਆਏ ਹੜ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ 11 ਲੱਖ ਰੁਪਏ ਦਾਨ ਕੀਤੇ ਤੇ ਆਪਣੇ ਤਰਫੋ ਵੀ ਗਰੀਬ ਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਰਹਿੰਦੇ ਹਨ॥

ਮਾਨ ਸਾਹਿਬ ਦੀ ਕੈਸਿਟ 'ਜੋਗੀਆ' ਨਾਲ ਜੁੜੀ ਇਕ ਯਾਦ ਤੁਹਾਡੇ ਨਾਲ ਸੇਅਰ ਕਰਨ ਲੱਗਾਂ ਹਾਂ, ਮੇਰਾ ਯਾਰ ਹਰਵਿੰਦਰ ਸਿੰਘ ਦਿਉਲ ਜੋ ਮੇਰੇ ਵਾਂਗ ਗੁਰਦਾਸ ਮਾਨ ਦਾ ਬਹੁਤ ਵੱਡਾ ਫੈਨ ਹੈ, ਨਾਲ ਸ਼ਿਮਲਾ ਘੁੰਮਣ ਲਈ ਗਏ, ਜਦ ਸ਼ਿਮਲਾ ਵੱਲ ਨੂੰ ਰਵਾਨਾ ਹੋਣ ਲੱਗੇ ਤਾ ਚੰਡੀਗੜ੍ਹ ਦੇ 17 ਸੈਕਟਰ ਤੋ ਜੋਗੀਆ ਕੈਸਿਟ ਖ੍ਰੀਦ ਲਈ ਦਿਉਲ ਗੱਡੀ ਡਰਾਇਵ ਕਰ ਰਿਹਾ ਸੀ, ਅਤੇ ਮੈਂ ਲੈਫਟ ਸਾਇਡ ਬੈਠਾ ਸੀ, ਮਾਨ ਸਾਹਿਬ ਦੀ ਸੀ.ਡੀ. ਪਲੇ ਕੀਤੀ ਅਤੇ ਸ਼ਿਮਲਾ ਨੂੰ ਚੱਲ ਪਏ, ਜੋਗੀਆ ਕੈਸਿਟ ਦੇ ਗੀਤਾ ਵਿਚ ਇੰਨ੍ਹਾਂ ਮਗਨ ਹੋ ਗਏ ਕਿ ਸਾਨੂੰ ਸ਼ਿਮਲਾ ਕਦ ਲੰਘ ਗਏ ਅਤੇ ਕੁਫਰੀ ਪਹੁੰਚ ਗਏ, ਜਦ ਕਿ ਅਸੀ ਸਿਰਫ ਸ਼ਿਮਲਾ ਦਾ ਹੀ ਪ੍ਰੋਗਰਾਮ ਬਣਾਇਆ ਸੀ ਜਦ ਵੀ ਇਕੱਠੇ ਹੁੰਦੇ ਹਾਂ ਤਾਂ ਸਾਨੂੰ ਸ਼ਿਮਲਾ ਕੁਫਰੀ ਦਾ ਟੂਰ ਅਤੁ ਮਾਨ ਸਾਹਿਬ ਦੀ ਜੋਗੀਆ ਕੈਸਿਟ ਦਾ ਫਨ ਇੱਕ ਅਬੁੱਲ ਯਾਦ ਬਣਕੇ ਰਹਿ ਗਿਆ ਹੈ, ਸਾਇਦ ਇਸ ਯਾਦ ਨੂੰ ਅਸੀ ਕਦੇ ਵੀ ਨਾਂ ਭੁਲਾ ਸਕੀਏ॥
ਅਸੀ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ, ਕਿ ਮਾਨਾਂ ਦੇ ਮਾਨ ਗੁਰਦਾਸ ਮਾਨ ਸਾਹਿਬ, ਜਿੰਨ੍ਹਾ ਆਪਣੀ ਪੂਰੀ ਜਿੰਦਗੀ ਪੰਜਾਬ ਦੇ ਅਮੀਰ ਅਤੇ ਵਿਸ਼ਾਲ ਸੱਭਿਆਚਾਰ ਦੇ ਲੇਖੇ ਲਾਈ ਹੈ, ਹਮੇਸ਼ਾ ਚੜ੍ਹਦੀਕਲਾ ਵਿਚ ਰਹਿਣ ਅਤੇ ਇਸੇ ਤਰਾ ਮਾਂ ਬੋਲੀ ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਜਿਊਣ ਯੋਗਾ ਮਾਨ ਕਰਦਾ ਰਿਹਾ॥
ਜੀਓ..........ਮਾਨ ਸਾਹਿਬ

ਗੁਰਭਿੰਦਰ ਗੁਰੀ
99157-27311

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਮਿੰਨੀ ਕਹਾਣੀ

## ਇਕੱਲੇ ਇਕੱਲੇ

-ਰਮੇਸ਼ ਕੁਮਾਰ ਸ਼ਰਮਾ

ਇੱਕ ਸ਼ਾਮ ਇੱਕ ਔਰਤ ਫਲਾਂ ਦੀ ਰੇਹੜੀ ਤੇ ਖੜ੍ਹੀ ਆਪਣੀ ਕਿਸੇ ਸਹੇਲੀ ਨੂੰ ਕਹਿ ਰਹੀ ਸੀ, 'ਇਕੱਲੇ ਰਹੀਦੈ। ਮੌਜਾਂ ਕਰੀਦੀਆਂ ਨੇ। ਨਾ ਕੋਈ ਫਿਕਰ ਨਾ ਫਾਕਾ ਅਤੇ ਨਾ ਕੋਈ ਸੱਸ-ਸਹੁਰੇ ਦੀ ਤਲਵਾਰ ਸਿਰ 'ਤੇ ਹੈ। ਆਪਣੀ ਮਰਜ਼ੀ ਨਾਲ ਸੌਂਈਦੈ, ਆਪਣੀ ਮਰਜ਼ੀ ਨਾਲ ਉਠੀਦੈ।" ਦੁਕਾਨ ਵਾਲਾ ਸਭ ਕੁਝ ਸੁਣ ਰਿਹਾ ਸੀ।
ਆਪਣੀ ਗੱਲ ਪੂਰੀ ਕਰਨ ਉਪਰੰਤ ਔਰਤ ਨੇ ਇੱਕ ਅੰਗੂਰਾਂ ਦਾ ਗੁੱਛਾ ਚੁੱਕ ਕੇ ਕਿਹਾ, "ਆਹ ਅੰਗੂਰ ਕਿਸ ਤਰ੍ਹਾਂ ਦਿੰਦੇ ਓ?"
"ਜੀ ਸੌ ਰੁਪਏ ਕਿਲੋ।" ਦੁਕਾਨ ਵਾਲੇ ਨੇ ਕਿਹਾ।
"...ਅਤੇ ਆਹ ਜਿਹੜੇ ਇਕੱਲੇ ਇਕੱਲੇ ਪਏ ਨੇ?"
"ਮੈਡਮ ਜੀ ਇਹ ਸਿਰਫ ਪੰਜਾਹ ਰੁਪਏ ਕਿਲੋ ਹਨ।"
"ਇਹ ਏਨੇ ਸਸਤੇ ਕਿਉਂ?"
"ਮੈਡਮ ਜੀ, ਹੈ ਤਾਂ ਇਹ ਵੀ ਅੰਗੂਰ, ਪਰ ਇਹ ਆਪਣੇ ਗੁੱਛੇ ਤੋਂ ਅਲੱਗ ਹੋ ਗਏ ਨੇ। ਗੁੱਛਾ ਹੋਵੇ ਜਾਂ ਪਰਵਾਰ, ਜਦੋਂ ਕੋਈ ਆਪਣਿਆਂ ਤੋਂ ਵਿਛੜ ਜਾਵੇ ਤਾਂ ਉਸ ਦੀ ਕੀਮਤ ਅੱਧੀ ਰਹਿ ਜਾਂਦੀ ਹੈ। ਕਈ ਵਾਰ ਕੌਡੀ ਵੀ ਕੀਮਤ ਨਹੀਂ ਰਹਿੰਦੀ। ਇਸ ਕਰ ਕੇ ਸੁਹੱਪਣ ਤਾਂ ਇਕੱਠੇ ਰਹਿਣ ਵਿੱਚ ਹੈ।"
ਫਲਾਂ ਵਾਲੇ ਦੀ ਗੱਲ ਸੁਣ ਕੇ ਉਹ ਧੁਰ ਅੰਦ ਤੱਕ ਹਿੱਲ ਗਈ ਅਤੇ ਅਸਮਾਨ ਵੱਲ ਮੂੰਹ ਕਰ ਕੇ ਕਹਿੰਦੀ, "ਧੰਨ ਹੈਂ ਪ੍ਰਮਾਤਮਾ ਤੂੰ। ਪਤਾ ਨਹੀਂ ਕਿਸ ਕਿਸ ਦੇ ਮੂੰਹ 'ਚੋਂ ਬੋਲ ਪੈਂਦਾ ਹੈਂ। ਮੈਂ ਤੁਹਾਡਾ ਇਸ਼ਾਰਾ ਸਮਝ ਗਈ।" ਅਗਲੀ ਸਵੇਰ ਆਉਣ ਦੀ ਉਡੀਕ ਕਰ ਰਹੀ ਸੀ ਤਾਂ ਕਿ ਬਜ਼ੁਰਗ ਸੱਸ-ਸਹੁਰੇ ਨੂੰ ਆਪਣੇ ਕੋਲ ਲਿਆ ਸਕੇ।

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਮੋਦੀ ਇੱਕ ਵੀ ਪੂਰਾ ਕੀਤਾ ਗਿਆ ਵਾਅਦਾ ਦੱਸੇ: ਅਮਰਿੰਦਰ

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੀ ਸਰਕਾਰ ਵੱਲੋਂ ਪੂਰਾ ਕੀਤਾ ਕੋਈ ਇਕ ਵੀ ਵਾਅਦਾ ਦੱਸਣ ਦੀ ਚੁਣੌਤੀ ਦੇ ਦਿੱਤੀ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਤੇ ਫੁੱਟ-ਪਾਊ ਨੀਤੀਆਂ ਕਾਰਨ ਦੇਸ਼ ਤਬਾਹੀ ਵੱਲ ਗਿਆ ਹੈ। ਕੈਪਟਨ ਨੇ ਕਿਹਾ ਕਿ 'ਜੁਮਲੇਬਾਜ਼' ਪ੍ਰਧਾਨ ਮੰਤਰੀ ਨੇ ਛਲ, ਕਪਟ ਅਤੇ ਪਾਖੰਡ ਨਾਲ ਦੇਸ਼ ਨੂੰ ਨਿਵਾਣਾਂ ਵੱਲ ਰੋੜ੍ਹ ਦਿਤਾ ਤਾਂ ਲੋਕਾਂ ਨੇ ਆਪਣੇ ਚੰਗੇ ਭਵਿੱਖ ਲਈ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਮਨ ਬਣਾ ਲਿਆ ਹੈ।



ਬੀਤੇ ਵੀਰਵਾਰ ਗੁਰਦਾਸਪੁਰ ਵਿਖੇ ਰੈਲੀ ਵਿੱਚ ਨਰਿੰਦਰ ਮੋਦੀ ਵੱਲੋਂ ਕਹੇ ਹਰ ਸ਼ਬਦ ਦਾ ਜਵਾਬ ਦੇਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਗਲੀਆਂ ਲੋਕ ਸਭਾ ਚੋਣਾਂ ਦੌਰਾਨ ਆਪਣੀ ਹਾਰ ਦੇਖ ਕੇ ਪ੍ਰਧਾਨ ਮੰਤਰੀ ਮੋਦੀ ਨਿਰਾਸ਼ਾ ਵਿਚ ਚਲੇ ਗਏ ਹਨ ਤੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਨੇ 1984 ਦੇ ਦੰਗਿਆਂ ਅਤੇ ਕਰਤਾਰ-ਪੁਰ ਲਾਂਘੇ ਤੋਂ ਲੈ ਕੇ ਅਤੇ ਕਿਸਾਨੀ ਦੇ ਕਰਜ਼ੇ ਮਾਫ ਕਰਨ ਤੱਕ ਦੇ ਹਰ ਮੁੱਦੇ ਉੱਤੇ ਇਕ ਵਾਰ ਫਿਰ ਝੂਠ ਬੋਲਿਆ ਅਤੇ ਆਪਣੀਆਂ ਪੰਜ ਸਾਲ ਦੀਆਂ ਨਾਕਾਮੀਆਂ ਲੁਕਾਉਣ ਲਈ ਇਧਰ-ਉਧਰ ਗੱਲਾਂ ਮਾਰੀਆਂ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਰਿੰਦਰ ਮੋਦੀ ਨੂੰ 'ਜੁਮਲੇਬਾਜ਼ ਪ੍ਰਧਾਨ ਮੰਤਰੀ' ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਜਿੰਨੇ ਅੰਕੜੇ ਪੇਸ਼ ਕੀਤੇ, ਸਾਰੇ ਗੁਮਰਾਹ ਕਰਨ ਵਾਲੇ ਸਨ। ਅਮਰਿੰਦਰ ਸਿੰਘ ਨੇ ਕਿਹਾ ਕਿ 1984 ਬਾਰੇ ਪ੍ਰਧਾਨ ਮੰਤਰੀ ਨੂੰ ਬੋਲਣ ਦਾ ਹੱਕ ਹੀ ਨਹੀਂ, ਕਿਉਂਕਿ ਇਨ੍ਹਾਂ ਦੰਗਿਆਂ ਵਿੱਚ ਭਾਜਪਾ ਅਤੇ ਆਰ ਐੱਸ ਐੱਸ ਦੇ ਲੋਕ ਵੀ ਸ਼ਾਮਲ ਸਨ। ਮੁੱਖ ਮੰਤਰੀ ਨੇ 1992 ਦੇ ਗੁਜਰਾਤ ਦੇ ਦੰਗਿਆਂ ਦੀ ਚੋਭ ਲਾਉਂਦੇ ਹੋਏ ਕਿਹਾ ਕਿ ਉਹ ਦੰਗੇ ਮੋਦੀ ਦੇ ਨੱਕ ਥੱਲੇ ਹੋਏ ਸਨ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਨੇ ਦਿੱਲੀ ਦੇ ਤਿਲਕ ਮਾਰਗ ਥਾਣੇ ਵਿੱਚ ਦਰਜ ਕੇਸ ਵਿਚ ਭਾਜਪਾ ਅਤੇ ਆਰ ਐੱਸ ਐੱਸ ਵਰਕਰਾਂ ਬਾਰੇ ਸਾਜ਼ਿਸ਼ੀ ਚੁੱਪ ਰੱਕੀ ਹੈ। ਮੁੱਖ ਮੰਤਰੀ ਨੇ ਮੋਦੀ ਨੂੰ ਮੋੜਵਾਂ ਪੁੱਛਿਆ ਕਿ 'ਸਾਲ 2002 ਦੇ ਗੁਜਰ-ਾਤ ਦੰਗਿਆਂ ਬਾਰੇ ਕੀ ਕਹੋਗੇ, ਜਿਹੜੇ ਤੁਹਾਡੇ ਨੱਕ ਹੇਠ ਹੋਏ ਸਨ ਅਤੇ ਜਿਨ੍ਹਾਂ ਵਿਚ ਤੁਹਾਡੀ ਆਪਣੀ ਪਾਰਟੀ ਦੇ ਮੈਂਬਰਾਂ ਦਾ ਨਾਂ ਆਇਆ ਅਤੇ ਉਨ੍ਹਾਂ ਉੱਤੇ ਦੋਸ਼ ਲੱਗੇ ਹਨ।'

ਕਰਤਾਰਪੁਰ ਲਾਂਘੇ ਦਾ ਸਿਹਰਾ ਆਪਣੇ ਸਿਰ ਲੈਣ ਦੇ ਯਤਨਾਂ ਲਈ ਪ੍ਰਧਾਨ ਮੰਤਰੀ ਦੀ ਨਿੰਦਾ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਮਕਸਦ ਲਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਤੋਂ ਕਾਂਗਰਸ ਸਰਗਰਮੀ ਨਾਲ ਕੋਸ਼ਿਸ਼ਾਂ ਕਰ ਰਹੀ ਹੈ, ਬਾਅਦ ਵਿੱਚ ਡਾ. ਮਨਮੋਹਨ ਸਿੰਘ ਨੇ ਵੀ ਇਹ ਕੋਸ਼ਿਸ਼ਾਂ ਕੀਤੀਆਂ ਅਤੇ ਉਹ ਖੁਦ ਕਈ ਸਾਲਾਂ ਤੋਂ ਪਾਕਿਸਤਾਨ ਨਾਲ ਇਹ ਮੁੱਦਾ ਉਠਾ ਰਹੇ ਹਨ। ਉਨ੍ਹਾਂ ਨੇ ਮੋਦੀ ਨੂੰ ਪੁੱਛਿਆ ਕਿ ਉਹ ਦੱਸਣ ਕਿ ਉਨ੍ਹਾਂ ਨੇ ਇਸ ਦੇ ਵਾਸਤੇ ਕੀ ਕੀਤਾ ਸੀ। ਮੁੱਖ ਮੰਤਰੀ ਨੇ ਕਿਹਾ, 'ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ ਲਈ ਸਾਡੀਆਂ ਅਪੀਲਾਂ ਅਤੇ ਬੇਨਤੀਆਂ ਦੇ ਬਾਵਜੂਦ ਕੇਂਦਰ ਨੇ ਇਕ ਵੀ ਪੈਸਾ ਨਹੀਂ ਦਿੱਤਾ ਅਤੇ ਆਪਣੇ ਆਪ ਨੂੰ ਸਿੱਖਾਂ ਅਤੇ ਉਨ੍ਹਾਂ ਦੇ ਧਰਮ ਦੇ ਰਖਵਾਲੇ ਵਜੋਂ ਪੇਸ਼ ਕਰਦੇ ਹਨ।' ਪ੍ਰਧਾਨ ਮੰਤਰੀ ਵੱਲੋਂ ਕਾਂਗਰਸ ਉੱਤੇ ਕਰਤਾਰਪੁਰ ਨੂੰ ਪਾਕਿਸਤਾਨ ਦੇ ਹਵਾਲੇ ਕਰਨ ਦਾ ਦੋਸ਼ ਲਾਉਣ ਬਾਰੇ ਅਮਰਿੰਦਰ ਸਿੰਘ ਨੇ ਨਰਿੰਦਰ ਮੋਦੀ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਮੂੰਹੋਂ ਕੁਝ ਵੀ ਕੱਢਣ ਤੋਂ ਪਹਿਲਾਂ ਇਤਿਹਾਸ ਦੀ ਜਾਣਕਾਰੀ ਰੱਖਣੀ ਚਾਹੀਦੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਭਾਈਵਾਲ ਅਕਾਲੀਆਂ ਵੱਲੋਂ ਸਾਡੇ ਲਈ ਛੱਡੇ ਭਿਆਨਕ ਵਿੱਤੀ ਹਾਲਾਤ ਦੇ ਬਾਵਜੂਦ ਅਸੀਂ ਇੱਕ ਸਾਲ ਵਿਚ 4,14,275 ਕਿਸਾਨਾਂ ਦੇ 3417 ਕਰੋੜ ਰੁਪਏ ਦੇ ਫਸਲੀ ਕਰਜ਼ੇ ਮੁਆਫ ਕੀਤੇ ਅਤੇ ਛੇਤੀ ਹੀ ਤਿੰਨ ਲੱਖ ਹੋਰ ਕਿਸਾਨਾਂ ਦੇ ਕਰੀਬ 4000 ਕਰੋੜ ਰੁਪਏ ਦੇ ਕਰਜ਼ੇ ਮਾਫ ਕਰਨ ਵਾਲੇ ਹਾਂ, ਪਰ ਕੇਂਦਰ ਨੇ ਕਿਸਾਨਾਂ ਦੀ ਮਦਦ ਵਾਸਤੇ ਇਕ ਪੈਸਾ ਮਦਦ ਨਹੀਂ ਕੀਤੀ। ਸੱਤਾ ਤੋਂ ਲਾਂਭੇ ਹੋਣ ਤੋਂ ਮਸਾਂ ਇੱਕ ਹਫ਼ਤਾ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵੱਲੋਂ ਅਨਾਜ ਖਾਤੇ ਦਾ 31,000 ਕਰੋੜ ਦਾ ਵਾਧੂ ਬੋਝ ਆਪਣੇ ਸਿਰ ਲੈ ਕੇ ਪੰਜਾਬ ਦੇ ਲੋਕਾਂ ਨਾਲ ਠੱਗੀ ਮਾਰਨ ਲਈ ਉਨ੍ਹਾਂ ਦੀ ਨਿੰਦਾ ਕਰਦੇ ਹੋਏ ਮੁੱਖ ਮੰਤਰੀ ਨੇ ਮੋਦੀ ਨੂੰ ਪੁੱਛਿਆ ਕਿ ਉਨ੍ਹਾਂ ਨੇ ਇਸ ਦਾ ਹੱਲ ਕਿਉਂ ਨਾ ਕੀਤਾ, ਜਦ ਕਿ ਪੰਜਾਬ ਸਰਕਾਰ ਨੇ ਇਸ ਬਾਰੇ ਵਾਰ ਵਾਰ ਅਪੀਲਾਂ ਕੀਤੀਆਂ ਸਨ।

## ਪ੍ਰਿਅੰਕਾ ਗਾਂਧੀ ਵੱਲੋਂ ਹਮਲਾ :

# ਮੋਦੀ ਅੱਗੇ ਤੋਂ ਕੈਪਟਨ ਦੇ ਪੰਜਾਬ ਵਿੱਚ ਜਾਣ ਤੋਂ ਪਹਿਲਾਂ ਦੋ ਵਾਰ ਸੋਚਣਗੇ

ਜਲੰਧਰ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਉੱਤੇ ਗੁਰਦਾਸਪੁਰ ਦੀ ਰੈਲੀ ਵਿੱਚ ਦਿੱਤੇ ਭਾਸ਼ਣ ਪਿੱਛੇ ਕੀਤੇ ਗਏ ਸਿਆਸੀ ਹਮਲੇ ਤੋਂ ਬਾਅਦ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਦੀ ਭੈਣ ਪ੍ਰਿਅੰਕਾ ਗਾਂਧੀ ਨੇ ਵੀ ਮੋਦੀ ਉੱਤੇ ਸਿਆਸੀ ਹਮਲਾ ਬੋਲਿਆ ਹੈ।



ਟਵੀਟ ਰਾਹੀਂ ਕੀਤੇ ਆਪਣੇ ਹਮਲੇ ਵਿੱਚ ਪ੍ਰਿਅੰਕਾ ਨੇ ਕੈਪਟਨ ਅਮਰਿੰ-ਦਰ ਦੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਵੀ ਹੱਲਾਸ਼ੇਰੀ ਦਿੱਤੀ ਹੈ। ਉਸ ਨੇ ਇੱਕ ਟਵੀਟ ਕਰ ਕੇ ਸੋਸ਼ਲ ਮੀਡੀਆ 'ਤੇ ਆਪਣੇ ਵਿਚਾਰ ਖੁੱਲ੍ਹ ਕੇ ਰੱਖੇਅਤੇ ਇਨ੍ਹਾਂ ਵਿੱਚ ਮੋਦੀ ਦੀ ਗੁਰਦਾਸਪੁਰ ਰੈਲੀ ਦਾ ਜ਼ਿਕਰ ਕੀਤਾ ਹੈ। ਪ੍ਰਿਅੰਕਾ ਨੇ ਲਿਖਿਆ ਹੈ ਕਿ ਨਰਿੰਦਰ ਮੋਦੀ ਅੱਗੇ ਤੋਂ ਕੈਪਟਨ ਦੇ ਪੰਜਾਬ ਖੇਤਰ ਵਿੱਚ ਆਉਣ ਤੋਂ ਪਹਿਲਾਂ ਦੋ ਵਾਰ ਜ਼ਰੂਰ ਸੋਚਣਗੇ, ਕਿਉਂਕਿ ਜਿਸ ਤਰ੍ਹਾਂ ਮੋਦੀ ਨੇ ਗੁਰਦਾਸਪੁਰ ਵਿੱਚ ਝੂਠ ਬੋਲਿਆ, ਉਸ ਨੂੰ ਕੈਪਟਨ ਨੇ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਪ੍ਰਿਅੰਕਾ ਨੇ ਕੈਪਟਨ ਵੱਲੋਂ ਜਾਰੀ ਕੀਤੇ ਪ੍ਰੈਸ ਬਿਆਨ ਨੂੰ ਸ਼ੇਅਰ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਦੇ ਝੂਠ ਕਾਰਨ ਕੈਪਟਨ ਨੂੰ ਬਹੁਤ ਗੁੱਸਾ ਸੀ। ਉਨ੍ਹਾਂ ਨੇ ਤੱਥਾਂ ਸਮੇਤ ਸਾਰੀ ਸੱਚਾਈ ਲੋਕਾਂ ਦੇ ਸਾਹਮਣੇ ਪੇਸ਼ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇੱਕ ਦਿਨ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਉੱਤੇ ਸਿੱਧਾ ਹਮਲਾ ਬੋਲਦੇ ਹੋਏ ਦੋਸ਼ ਲਾਇਆ ਸੀ ਕਿ ਕੇਂਦਰ ਸਕਰਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਨੂੰ ਵਿਕਾਸ ਕਾਰਜਾਂ ਲਈ ਕੁਝ ਵੀ ਨਹੀਂ ਦਿੱਤਾ। ਸਭ ਤੋਂ ਵੱਡਾ ਹਮਲਾ ਉਨ੍ਹਾਂ ਨੇ ਨਰਿੰਦਰ ਮੋਦੀ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਗਟ ਉਤਸਵ ਬਾਰੇ ਕੀਤਾ। ਕੈਪਟਨ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਪ੍ਰਕਾਸ਼ ਪੁਰਬ ਵੱਡੀ ਪੱਧਰ ਉੱਤੇ ਮਨਾਉਣ ਦੀਆਂ ਤਿਆਰੀਆਂ ਕਰ ਰਹੀ ਹੈ, ਪਰ ਕੇਂਦਰ ਸਰਕਾਰ ਨੇ ਆਪਣੇ ਵੱਲੋਂ ਇੱਕ ਪੈਸਾ ਵੀ ਪੰਜਾਬ ਸਰਕਾਰ ਨੂੰ ਨਹੀਂ ਦਿੱਤਾ।

# ਸੱਚਾ ਸੌਦਾ ਡੇਰੇ ਨੇ ਦਿੱਤੇ ਸਨ ਬੇਅਦਬੀ ਕਰਨ ਦੇ ਹੁਕਮ

ਬਠਿੰਡਾ, 6 ਜਨਵਰੀ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਚੋਰੀ ਅਤੇ ਇਸ ਦੇ ਬੇਅਦਬੀਆਂ ਦੀਆਂ ਘਟਨਾਵਾਂ ਪਿੱਛੇ ਡੇਰਾ ਸੱਚਾ ਸੌਦਾ ਦੇ ਪ੍ਰਬੰਧਕਾਂ ਦਾ ਹੱਥ ਸੀ। ਉਨ੍ਹਾਂ ਨੇ ਡੇਰੇ ਦੇ ਸੂਬਾ ਕਮੇਟੀ ਮੈਂਬਰ ਪ੍ਰਿਥੀ ਸਿੰਘ ਨੂੰ ਇੰਜ ਕਰਨ ਦੇ ਹੁਕਮ ਦਿੱਤੇ ਸਨ। ਇਹ ਭੇਦ ਕੱਲ੍ਹ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੀ ਐਸ ਆਈ ਟੀ ਵੱਲੋਂ ਪੇਸ਼ ਚਲਾਨ 'ਚ ਖੁੱਲ੍ਹਾ ਹੈ। ਬੇਅਦਬੀ ਦੇ ਮਾਮਲਿਆਂ 'ਚ ਇਹ ਅੱਜ ਤੱਕ ਦਾ ਸਭ ਤੋਂ ਵੱਡਾ ਖੁਲਾਸਾ ਹੈ।

ਬਠਿੰਡਾ ਜ਼ਿਲੇ ਦੀ ਫੂਲ ਵਾਲੀ ਅਦਾਲਤ ਅਤੇ ਮੋਗਾ ਜ਼ਿਲੇ ਦੇ ਬਾਘਾਪੁਰਾਣਾ ਦੀ ਅਦਾਲਤ ਵਿੱਚ ਪੇਸ਼ ਕੀਤੇ ਗਏ ਚਲਾਨ ਮੁਤਾਬਕ ਡੇਰਾ ਸੱਚਾ ਸੌਦਾ ਦੇ ਹੁਕਮਾਂ ਤੋਂ ਬਾਅਦ ਬੇਅਦਬੀ ਦੀਆਂ ਵਾਰਦਾਤਾਂ ਲਈ ਯੋਜਨਾ ਬਣਾਈ ਗਈ। ਸਟੇਟ ਕਮੇਟੀ ਮੈਂਬਰ ਅਤੇ ਡੇਰਾ ਮੁਖੀ ਦੇ ਖਾਸ ਬੰਦੇ ਪ੍ਰਿਥੀ ਸਿੰਘ ਨੇ ਇਸ ਕੰਮ ਲਈ ਆਪਣੇ ਨੇੜਲੇ ਅਮਰਦੀਪ ਸਿੰਘ ਤੇ ਮਿੱਠੂ ਸਿੰਘ ਦੀ ਡਿਊਟੀ ਲਾਈ ਸੀ। ਇਸ ਸੰਬੰਧ ਵਿੱਚ ਬਠਿੰਡਾ ਜ਼ਿਲੇ ਦੇ ਪਿੰਡ ਗੁਰੂਸਰ ਜਲਾਲ ਅਤੇ ਮੋਗਾ ਦੇ ਪਿੰਡ ਮੱਲਕੇ ਤੋਂ ਗ੍ਰਿਫਤਾਰ ਦੋਸ਼ੀਆਂ ਦੇ ਬਿਆਨਾਂ ਉੱਤੇ ਚਲਾਨ 'ਚ ਇਹ ਕਿਹਾ ਗਿਆ ਹੈ ਕਿ ਇਕ ਜੂਨ 2015 ਨੂੰ ਫਰੀਦਕੋਟ ਜ਼ਿਲੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਡੇਰਾ ਪ੍ਰੇਮੀ ਦਵਿੰਦਰ ਸਿੰਘ ਤੇ ਸੱਤਾ ਨੇ ਹੀ ਚੋਰੀ ਕੀਤੀ ਸੀ। ਇਸੇ ਗ੍ਰੰਥ ਸਾਹਿਬ ਦੇ ਪੰਨੇ ਨਵੰਬਰ 2015 ਵਿੱਚ ਮੋਗਾ ਤੋਂ ਬਰਾਮਦ ਹੋਏ ਸਨ। ਇਸ ਤੋਂ ਬਾਅਦ 12 ਅਕਤੂਬਰ 2015 ਨੂੰ ਉਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਅੰਗ ਪਾੜ ਕੇ ਬਰਗਾੜੀ ਦੀਆਂ ਗਲੀਆਂ ਵਿੱਚ ਖਿਲਾਰੇ ਗਏ ਸਨ। ਐਸ ਆਈ ਟੀ ਨੇ ਪ੍ਰਿਥੀ ਸਿੰਘ ਅਤੇ ਜਤਿੰਦਰਵੀਰ ਸਿੰਘ ਜਿੰਮੀ ਅਤੇ ਹੋਰਨਾਂ ਖਿਲਾਫ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਹੈ, ਪਰ ਬਠਿੰਡਾ ਜ਼ਿਲੇ ਦੇ ਪਿੰਡ ਗੁਰੂਸਰ ਜਲਾਲ ਵਿੱਚ ਬੇਅਦਬੀ ਦੀ ਵਾਪਰੀ ਘਟਨਾ 'ਚ ਅਜੇ ਪ੍ਰਦੀਪ ਕਲੇਰ, ਸੰਦੀਪ ਬਰੇਟਾ ਤੇ ਹਰਸ਼ ਧੂਰੀ ਫਰਾਰ ਹਨ।

## ਸਿਟੀ ਸੈਂਟਰ ਕੇਸ :

# ਸਾਬਕਾ ਡੀ ਜੀ ਪੀ ਸੈਣੀ ਦੀ ਅਰਜ਼ੀ ਉਤੇ ਬਹਿਸ ਲਈ ਸੁਣਵਾਈ 17 ਨੂੰ

ਲੁਧਿਆਣਾ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਦੇ ਖਿਲਾਫ ਚੱਲਦੇ ਬਹੁ-ਚਰਚਿਤ ਸਿਟੀ ਸੈਂਟਰ ਕੇਸ ਦੀ ਸੁਣਵਾਈ ਕੱਲ੍ਹ ਲੁਧਿਆਣਾ ਦੇ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਦੇ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਹੋਈ ਤਾਂ ਇਸ ਮੌਕੇ ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀ ਜੀ ਪੀ) ਸੁਮੇਧ ਸੈਣੀ ਨੇ ਵਿਜੀਲੈਂਸ ਪੁਲਸ ਦੀ ਕੈਂਸਲੇਸ਼ਨ ਰਿਪੋਰਟ ਦੇ ਖਿਲਾਫ ਅਦਾਲਤ ਵਿੱਚ ਅਰਜ਼ੀ ਦਾਖਲ ਕੀਤੀ। ਇਸ ਅਰਜ਼ੀ 'ਤੇ ਸੈਣੀ ਦੇ ਵਕੀਲ ਨੇ ਆਪਣੀ ਬਹਿਸ ਸ਼ੁਰੂ ਕਰ ਦਿੱਤੀ ਹੈ, ਜਿਹੜੀ ਕੱਲ੍ਹ ਪੂਰੀ ਨਹੀਂ ਹੋ ਸਕੀ। ਅਦਾਲਤ ਨੇ ਇਸ ਮਾਮਲੇ ਵਿੱਚ ਬਾਕੀ ਬਹਿਸ ਲਈ ਕੇਸ ਦੀ ਅਗਲੀ ਸੁਣਵਾਈ 17 ਜਨਵਰੀ ਤੈਅ ਕੀਤੀ ਹੈ।




ਇਸ ਕੇਸ ਦੀ ਕੈਂਸਲੇਸ਼ਨ ਰਿਪੋਰਟ ਦੇ ਖਿਲਾਫ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਵੱਲੋਂ ਦਾਇਰ ਹੋਈ ਅਰਜ਼ੀ ਦੇ ਵਿਰੁੱਧ ਪੰਜਾਬ ਪ੍ਰਾਸੀਕਿਊਸ਼ਨ ਵਿਭਾਗ ਦੇ ਡਾਇਰੈਕਟਰ ਵਿਜੇ ਸਿੰਗਲਾ ਅਤੇ ਜ਼ਿਲ੍ਹਾ ਅਟਾਰਨੀ ਰਵਿੰ-ਦਰ ਕੁਮਾਰ ਅਬਰੋਲ ਵੱਲੋਂ ਦਿੱਤੇ ਗਏ ਜਵਾਬ ਉੱਤੇ ਸੈਣੀ ਨੇ ਵੀ ਆਪਣਾ ਕਾਊਂਟਰ ਜਵਾਬ ਅਦਾਲਤ ਵਿੱਚ ਦਾਖਲ ਕੀਤਾ ਸੀ।

ਵਰਣਨ ਯੋਗ ਹੈ ਕਿ ਸੁਮੇਧ ਸਿੰਘ ਸੈਣੀ ਨੇ ਆਪਣੀ ਇਸ ਅਰਜ਼ੀ ਵਿੱਚ ਕਈ ਗੰਭੀਰ ਦੋਸ਼ ਲਾਏ ਹਨ, ਜਦੋਂ ਕਿ ਪ੍ਰਾਸੀਕਿਊਸ਼ਨ ਵਿਭਾਗ ਨੇ ਵੀ ਦੋਸ਼ ਲਾਇਆ ਹੈ ਕਿ ਸੁਮੇਧ ਸੈਣੀ ਵੱਲੋਂ ਅਦਾਲਤ ਵਿੱਚ ਦਾਖਲ ਕੀਤੀ ਅਰਜ਼ੀ ਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਨੇ ਸਿਟੀ ਸੈਂਟਰ ਕੇਸ ਦੀ ਜਾਂਚ ਨਿਰਪੱਖ ਢੰਗ ਨਾਲ ਨਹੀਂ ਕੀਤੀ ਸੀ ਅਤੇ ਸਿਆਸੀ ਰੰਜਿਸ਼ ਕਾਰਨ ਇਹ ਕੇਸ ਦਰਜ ਕੀਤਾ ਗਿਆ ਸੀ।

# ਸ਼੍ਰੋਮਣੀ ਕਮੇਟੀ ਵੱਲੋਂ ਪੁਰਾਣੀ ਕਰੰਸੀ ਬਦਲਣ ਬਾਰੇ ਮੰਗ ਦੀ ਜਾਂਚ ਕੀਤੀ ਜਾਵੇ: ਮਾਨ

ਫਤਿਹਗੜ੍ਹ ਸਾਹਿਬ, 6 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਉਸ ਦਫਤਰ ਵੱਲੋਂ ਰਿਜ਼ਰਵ ਬੈਂਕ ਨੂੰ ਲੱਖਾਂ ਰੁਪਏ ਦੀ ਪੁਰਾਣੀ ਕਰੰਸੀ ਬਦਲਣ ਲਈ ਲਿਖੇ ਪੱਤਰ ਉੱਤੇ ਸ਼ੱਕ ਕਰਦਿਆਂ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਾਂਚ ਦੀ ਮੰਗ ਕੀਤੀ ਹੈ।



ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਨਵੰਬਰ 2016 ਵਿੱਚ ਹੋਈ ਨੋਟਬੰਦੀ ਦੌਰਾਨ ਜਦੋਂ ਭਾਰਤ ਦੀਆਂ ਵੱਡੀਆਂ-ਵੱਡੀਆਂ ਸੰਸਥਾਵਾਂ, ਉਦਯੋਗਪਤੀਆਂ, ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਨੋਟਬੰਦੀ ਤੋਂ ਪਹਿਲਾਂ ਚੱਲਣ ਵਾਲੀ ਕਰੰਸੀ ਨੂੰ ਦਿੱਤੇ ਸਮੇਂ ਵਿੱਚ ਬਦ-ਲਿਆ ਸੀ ਤਾਂ ਸ਼੍ਰੋਮਣੀ ਕਮੇਟੀ ਨੂੰ ਆਪਣੇ ਇਸ ਖਜ਼ਾਨੇ ਨੂੰ ਬਦਲਣ ਲਈ ਦੋ ਸਾਲ ਬਾਅਦ ਕਿਉਂ ਯਾਦ ਆਈ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਦੇ ਦੋ ਸਾਲ ਬਾਅਦ ਰਿਜ਼ਰਵ ਬੈਂਕ ਨੂੰ ਗੋਲਕਾਂ ਵਿੱਚ ਆਈ ਭੇਟਾ ਦਾ ਨਾਂਅ ਦੇ ਕੇ ਕਰੰਸੀ ਬਦਲਣ ਦੀ ਮੰਗ ਸਿਆਸਤਦਾਨਾਂ ਵੱਲੋਂ ਗਲਤ ਢੰਗਾਂ ਨਾਲ ਇਕੱਠੀ ਕੀਤੀ ਮਾਇਆ ਨੂੰ ਇਸ ਧਾਰਮਿਕ ਸੰਸਥਾ ਦੇ ਰਾਹੀਂ ਬਦਲਣ ਦੀ ਗੱਲ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਤੇ ਹੋਰ ਪੰਥਕ ਆਗੂਆਂ ਤੇ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਬਾਰੇ ਕਮੇਟੀ ਬਣਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਮਾਇਆ ਤਬਦੀਲੀ ਲਈ ਰਿਜ਼ਰਵ ਬੈਂਕ ਨੂੰ ਲਿਖੇ ਪੱਤਰ ਦੇ ਪਿਛੋਕੜ ਦੀ ਜਾਂਚ ਕਰਵਾਉਣ ਅਤੇ ਅਗਲੀ ਕਾਰਵਾਈ ਕਰਨ।

# ਪਾਕਿ 'ਚ ਸਿੱਖਾਂ ਦਾ ਮਜ਼ਾਕ ਉਡਾਉਣ ਵਾਲੇ ਪ੍ਰੋਫੈਸਰ ਨੇ ਮੁਆਫੀ ਮੰਗੀ

ਅੰਮ੍ਰਿਤਸਰ, 6 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਰਕਾਰੀ ਟੀ ਵੀ ਨੈਸ਼ਨਲ ਚੈਨਲ (ਪੀ ਟੀ ਵੀ) ਉੱਤੇ ਇੱਕ ਪ੍ਰੋਗਰਾਮ ਦੇ ਦੌਰਾਨ ਚੁਟਕਲਿਆਂ ਰਾਹੀਂ ਸਿੱਖਾਂ ਦਾ ਮਜ਼ਾਕ ਬਣਾਉਣ ਵਾਲੇ ਖੈਬਰ ਪਖਤੂਨਖਵਾ ਸੂਬੇ ਦੇ ਪ੍ਰੋਫੈਸਰ ਨੇ ਸਿੱਖ ਭਾਈਚਾਰੇ ਵੱਲੋਂ ਵਿਰੋਧ ਕੀਤੇ ਜਾਣ ਉੱਤੇ ਮੁਆਫੀ ਮੰਗ ਲਈ ਹੈ। ਪੇਸ਼ਾਵਰ ਤੋਂ ਚਰਨਜੀਤ ਸਿੰਘ ਦੇ ਮੁਤਾਬਕ ਐਡਵਰਡ ਕਾਲਜ ਪੇਸ਼ਾਵਰ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋਫੈਸਰ ਗੁਲਜ਼ਾਰ ਜਲਾਲ ਯੂਸਫਜ਼ਈ ਵੱਲੋਂ ਅਕਸਰ ਪੀ ਟੀ ਵੀ ਚੈਨਲ ਉੱਤੇ ਗੱਲਬਾਤ ਦੌਰਾਨ ਸਿੱਖਾਂ ਬਾਰੇ ਮਾੜੀ ਸ਼ਬਦਾਵਲੀ ਵਰਤਦੇ ਹੋਏ ਚੁਟਕਲਿਆਂ ਰਾਹੀਂ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ, ਜਿਸ ਬਾਰੇ ਪੇਸ਼ਾਵਰ ਦੇ ਸਿੱਖਾਂ ਨੇ ਵਿਰੋਧ ਕੀਤਾ ਅਤੇ ਉਸ ਚੈਨਲ ਦੇ ਐਮ ਡੀ ਅਤੇ ਸੂਬੇ ਦੇ ਮੁੱਖ ਮੰਤਰੀ ਨੂੰ ਅਜਿਹੇ ਪ੍ਰੋਗਰਾਮਾਂ 'ਤੇ ਪਾਬੰਦੀ ਲਗਾਉਣ ਲਈ ਹੁਕਮ ਜਾਰੀ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪ੍ਰੋਫੈਸਰ ਗੁਲਜ਼ਾਰ ਜਲਾਲ ਵੱਲੋਂ ਸਿੱਖਾਂ 'ਤੇ ਬਣਾਏ ਜਾਣ ਵਾਲੇ ਮਜ਼ਾਕ ਨਾਲ ਪਾਕਿਸਤਾਨ ਦੇ ਘੱਟ ਗਿਣਤੀ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਮਾਮਲਾ ਸਰਕਾਰ ਅਤੇ ਚੈਨਲ ਦੇ ਧਿਆਨ 'ਚ ਲਿਆਉਣ ਪਿੱਛੋਂ ਕੱਲ੍ਹ ਪ੍ਰੋਫੈਸਰ ਗੁਲਜ਼ਾਰ ਜਲਾਲ ਯੂਸਫਜ਼ਈ ਨੇ ਇੱਕ ਵੀਡੀਓ ਰਾਹੀਂ ਤੇ ਪਿਸ਼ਾਵਰ ਦੇ ਸਿੱਖ ਆਗੂ ਗੁਰਪਾਲ ਸਿੰਘ ਕੋਲੋਂ ਲਿਖਤੀ ਤੌਰ 'ਤੇ ਆਪਣੀ ਮੁਆਫੀ ਮੰਗੀ ਲਈ ਹੈ।

# ਪੰਜਾਬ ਦੀ ਮਹਿਲਾ ਕਾਂਗਰਸੀ ਵਿਧਾਇਕ ਦੀ ਗੱਡੀ ਦਾ ਚਲਾਨ ਕੱਟ ਦਿੱਤਾ ਗਿਆ

ਚੰਡੀਗੜ੍ਹ, 6 ਜਨਵਰੀ (ਪੋਸਟ ਬਿਊਰੋ)- ਦੋਂਹ ਰਾਜਾਂ ਦੀ ਰਾਜਧਾਨੀ ਵਾਲੇ ਇਸ ਸ਼ਹਿਰ ਦੀ ਟਰੈਫਿਕ ਪੁਲਸ ਦੇ ਦਬੰਗ ਏ ਐਸ ਆਈ ਸਰਵਣ ਕੁਮਾਰ ਨੇ ਹਾਈ ਕੋਰਟ ਦੇ ਜੱਜ ਤੋਂ ਬਾਅਦ ਪੰਜਾਬ ਦੀ ਮਹਿਲਾ ਕਾਂਗਰਸੀ ਵਿਧਾਇਕ ਦੀ ਗੱਡੀ ਦਾ ਵੀ ਗਲਤ ਪਾਰਕਿੰਗ ਕਾਰਨ ਚਲਾਨ ਕੱਟ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਜਦੋਂ ਏ ਐਸ ਆਈ ਸਰਵਣ ਕੁਮਾਰ ਨੇ ਗੱਡੀ ਦਾ ਚਲਾਨ ਕੀਤਾ ਤਾਂ ਚਾਲਕ ਨੇ ਕਿਹਾ ਕਿ ਇਹ ਗੱਡੀ ਵਿਧਾਇਕ ਦੀ ਹੈ। ਇਸ ਉੱਤੇ ਏ ਐਸ ਆਈ ਨੇ ਗੱਡੀ ਚਾਲਕ ਤੋਂ ਦਸਤਾਵੇਜ਼ ਮੰਗੇ ਤਾਂ ਗੱਡੀ ਦਾ ਚਾਲਕ ਪੂਰੇ ਦਸਤਾਵੇਜ਼ ਵੀ ਨਹੀਂ ਦਿਖਾ ਸਕਿਆ। ਏ ਐਸ ਆਈ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਗੱਡੀ 2017 ਮਾਡਲ ਦੀ ਹੈ ਅਤੇ ਅਜੇ ਤੱਕ ਟੈਂਪਰੇਰੀ ਨੰਬਰ ਉੱਤੇ ਹੀ ਚਲਾਈ ਜਾ ਰਹੀ ਸੀ। ਇਸ ਉੱਤੇ ਏ ਐਸ ਆਈ ਨੇ ਫਿਰੋਜ਼ਪੁਰ ਦੀ ਮਹਿਲਾ ਵਿਧਾਇਕ ਸਤਿਕਾਰ ਕੌਰ ਦੀ ਮਹਿੰਦਰਾ ਥਾਰ ਗੱਡੀ ਦਾ ਚਲਾਨ ਕੱਟ ਕੇ ਗੱਡੀ ਕਬਜ਼ੇ ਵਿੱਚ ਲੈ ਲਈ। ਇਹ ਮਾਮਲਾ ਕੱਲ੍ਹ ਦੁਪਹਿਰ ਬਾਅਦ ਸੈਕਟਰ 34 ਦੀ ਪਿਕਾਡਲੀ ਨੇੜਲੀ ਸਲਿਪ ਰੋਡ ਦਾ ਹੈ। ਜਦੋਂ ਗੱਡੀ ਉਥੋਂ ਲੰਘ ਰਹੀ ਸੀ ਤਾਂ ਸਰਵਣ ਕੁਮਾਰ ਇਥੇ ਗਲਤ ਸਾਈਡ ਉੱਤੇ ਖੜੀਆਂ ਗੱਡੀਆਂ ਦਾ ਚਲਾਨ ਕੱਟ ਰਹੇ ਸਨ। ਮਹਿਲਾ ਵਿਧਾਇਕ ਦੀ ਗੱਡੀ ਉਸ ਸਮੇਂ ਗਲਤ ਸਾਈਡ ਉੱਤੇ ਪਾਰਕ ਕੀਤੀ ਹੋਈ ਸੀ। ਇਸ ਦੇ ਬਾਅਦ ਵਟਸਐਪ 'ਤੇ ਦਿਨ ਭਰ ਚਰਚਾ ਚੱਲਦੀ ਰਹੀ। ਚਲਾਨ ਦਾ ਵੀਡੀਓ ਵਟਸਐਪ ਗਰੁੱਪਾਂ ਵਿੱਚ ਦੇਰ ਸ਼ਾਮ ਤੇਜ਼ੀ ਨਾਲ ਵਾਇਰਲ ਹੋ ਗਿਆ।

# ਪੰਜਾਬ ਦੇ ਮਾਲਵਾ ਤੇ ਸਤਲੁਜ ਗ੍ਰਾਮੀਣ ਬੈਂਕਾਂ ਦਾ ਪੰਜਾਬ ਗ੍ਰਾਮੀਣ ਬੈਂਕ ਵਿੱਚ ਰਲੇਵਾਂ

ਚੰਡੀਗੜ੍ਹ, 6 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਦੋ ਬੈਂਕਾਂ ਮਾਲਵਾ ਗ੍ਰਾਮੀਣ ਬੈਂਕ (ਐੱਮ ਜੀ ਬੀ) ਅਤੇ ਸਤਲੁਜ ਗ੍ਰਾਮੀਣ ਬੈਂਕ (ਐੱਸ ਜੀ ਬੀ) ਨੂੰ ਪੰਜਾਬ ਗ੍ਰਾਮੀਣ ਬੈਂਕ (ਪੀ ਜੀ ਬੀ) ਵਿੱਚ ਮਿਲਾ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੀ ਪੇਂਡੂ ਕਰਜ਼ਾ ਨੀਤੀ ਅਤੇ ਗ੍ਰਾਮੀਣ ਬੈਂਕਾਂ ਨੂੰ ਮਜ਼ਬੂਤ ਬਣਾਉਣ ਦੇ ਏਜੰਡੇ ਵਜੋਂ ਇਹ ਕਦਮ ਚੁੱਕਿਆ ਗਿਆ ਹੈ। ਰਲੇਵੇਂ ਦੇ ਬਾਅਦ ਬੈਂਕਾਂ ਨੂੰ ਤਕਨੀਕੀ ਪੱਖੋਂ ਤਕੜੇ ਕਰਨ ਲਈ ਪੀ ਐੱਨ ਬੀ ਵੱਲੋਂ ਸਪਾਂਸਰ ਕੀਤਾ ਗਿਆ ਹੈ।




ਇਸ ਸੰਬੰਧ ਵਿੱਚ ਹੋਏ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਇਹ ਤਿੰਨੇ ਬੈਂਕ ਪਹਿਲਾਂ ਵਾਂਗ ਕੰਮ ਕਰਦੇ ਰਹਿਣਗੇ ਅਤੇ ਪੰਜਾਬ ਵਿੱਚ ਇਨ੍ਹਾਂ ਦੇ ਕੰਮਾਂ ਅਤੇ ਰੋਜ਼ਾਨਾ ਗਤੀਵਿਧੀਆਂ ਵਿੱਚ ਕੋਈ ਫਰਕ ਨਹੀਂ ਪਵੇਗਾ। ਨਕਦੀ ਜਮ੍ਹਾ, ਨਿਕਾਸੀ ਵਰਗੇ ਸਾਰੇ ਬੈਂਕਿੰਗ ਕਾਰਜ, ਖਾਤਾ ਖੋਲ੍ਹਣਾ ਅਤੇ ਕਰਜ਼ਾ ਦੇਣ ਬਾਰੇ ਗਤੀਵਿਧੀਆਂ ਇਨ੍ਹਾਂ ਬੈਂਕਾਂ ਦੀਆਂ ਬ੍ਰਾਂਚਾਂ ਵਿੱਚ ਬਿਨਾਂ ਰੁਕਾਵਟ ਤੋਂ ਚੱਲਦੀਆਂ ਰਹਿਣਗੀਆਂ। ਇਨ੍ਹਾਂ ਬੈਂਕਾਂ ਐੱਮ ਜੀ ਬੀ ਅਤੇ ਐੱਸ ਜੀ ਬੀ ਦਾ ਰਲੇਵਾਂ ਹੋਣ ਨਾਲ ਪੀ ਜੀ ਬੀ ਦੀ ਪੂੰਜੀ ਵਿੱਚ ਵਾਧਾ ਹੋਇਆ ਹੈ, ਜਿਹੜੀ 2250 ਕਰੋੜ ਤੋਂ ਵਧ ਕੇ ਸਰਕਾਰ ਦੀ ਉਚ ਹਿੱਸੇਦਾਰੀ ਨਾਲ 2536 ਕਰੋੜ ਹੋ ਗਈ ਹੈ ਅਤੇ ਇਸ ਰਿਜ਼ਰਵ ਰਾਸ਼ੀ 692.56 ਕਰੋੜ ਤੋਂ ਵਧ ਕੇ 912.95 ਕਰੋੜ ਰੁਪਏ ਹੋ ਗਈ ਤੇ ਕੁੱਲ ਜਾਇਦਾਦ ਵਿੱਚ ਹਿੱਸੇਦਾਰੀ ਹੋਣ ਨਾਲ ਇਹ 715.06 ਕਰੋੜ ਰੁਪਏ ਤੋਂ ਵਧ ਕੇ 938.32 ਕਰੋੜ ਰੁਪਏ ਹੋ ਗਈ ਹੈ। ਪੇਂਡੂ ਬੈਂਕਾਂ ਦੇ ਇਸ ਰਲੇਵੇਂ ਨਾਲ ਇਨ੍ਹਾਂ ਦੇ ਵੱਖੋ-ਵੱਖ ਅਪਰੇਸ਼ਨ ਦੀ ਲਾਗਤ ਵਿੱਚ ਕਮੀ ਆਏਗੀ ਅਤੇ ਲਾਭ ਵਿੱਚ ਵਾਧਾ ਹੋਵੇਗਾ। ਇਸ ਦੇ ਇਲਾਵਾ ਸਾਂਝੀ ਗ੍ਰਾਹਕ ਸੇਵਾ ਦੀ ਵਿਵਸਥਾ ਬਣਨ ਨਾਲ ਪੇਂਡੂ ਬੈਂਕਾਂ ਨੂੰ ਵੱਖ-ਵੱਖ ਡਿਜੀਟਲ ਉਤਪਾਦਾਂ ਅਤੇ ਮੁਕਾਬਲੇ ਵਾਲੇ ਬੈਂਕਿੰਗ ਉਤਪਾਦਾਂ ਨੂੰ ਪੇਸ਼ ਕਰਨ ਵਿੱਚ ਵੀ ਮਦਦ ਮਿਲੇਗੀ। ਇਸ ਯੋਜਨਾ ਦੇ ਬਾਰੇ ਪੰਜਾਬ ਨੈਸ਼ਨਲ ਬੈਂਕ (ਪੀ ਐੱਨ ਬੀ) ਦੇ ਇੱਕ ਉਚ ਅਧਿਕਾਰੀ ਨੇ ਦੱਸਿਆ ਕਿ ਇਸ ਦਾ ਸਿੱਧਾ ਲਾਭ ਇਹ ਹੋਵੇਗਾ ਕਿ ਹਾਲੇ ਤੱਕ ਵੱਖ-ਵੱਖ ਬਿਜ਼ਨਸ ਕਰਦੇ ਤਿੰਨਾਂ ਬੈਂਕਾਂ ਦੀ ਬੈਲੇਂਸ ਸ਼ੀਟ ਮਜ਼ਬੂਤ ਹੋਵੇਗੀ। ਪੀ ਐੱਨ ਬੀ ਦੀ ਸਪਾਂਸਰਸ਼ਿਪ ਦੇ ਬਾਰੇ ਉਨ੍ਹਾਂ ਦੱਸਿਆ ਕਿ ਇਕੱਠੇ ਹੋਏ ਪੇਂਡੂ ਬੈਂਕਾਂ ਦੇ ਕੰਮ ਵਿੱਚ ਪੀ ਐੱਨ ਬੀ ਦਾ ਕੋਈ ਦਖਲ ਨਹੀਂ ਹੋਵੇਗਾ, ਸਗੋਂ ਪੀ ਐੱਨ ਬੀ ਇਨ੍ਹਾਂ ਬੈਂਕਾਂ ਨੂੰ ਸੁਚਾਰੂ ਕੰਮ-ਕਾਜ ਲਈ ਆਧੁਨਿਕ ਤਕਨੀਕ ਅਤੇ ਮੈਨਪਾਵਰ ਪੇਸ਼ ਕਰੇਗੀ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-677-9292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741





### ਭਾਰਤ ਸਰਕਾਰ ਵੱਲੋਂ 2000 ਦੇ ਨੋਟਾਂ ਦੀ ਛਪਾਈ ਬੰਦ ਕਰ ਦੇਣ ਦੀ ਚਰਚਾ



ਨਵੀਂ ਦਿੱਲੀ, 6 ਜਨਵਰੀ (ਪੋਸਟ ਬਿਊਰੋ)- ਨੋਟਬੰਦੀ ਤੋਂ ਬਾਅਦ ਪਹਿਲੀ ਵਾਰ ਜਾਰੀ ਕੀਤੇ ਗਏ 2000 ਰੁਪਏ ਦੇ ਨੋਟ ਬਾਰੇ ਸਰਕਾਰ ਨੇ ਅਹਿਮ ਫੈਸਲਾ ਕੀਤਾ ਅਤੇ ਸੰਕੇਤ ਦਿੱਤਾ ਹੈ ਕਿ 2000 ਰੁਪਏ ਦੇ ਨੋਟਾਂ ਦੀ ਛਪਾਈ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ, ਕਿਉਂਕਿ ਜਾਰੀ ਕੀਤੇ ਗਏ ਨੋਟ ਲੋੜੀਂਦੀ ਗਿਣਤੀ 'ਚ ਪੂਰੇ ਹਨ।

ਵਰਨਣ ਯੋਗ ਹੈ ਕਿ ਨਵੰਬਰ 2016 'ਚ ਨੋਟਬੰਦੀ ਤੋਂ ਬਾਅਦ 2000 ਰੁਪਏ ਦਾ ਨਵਾਂ ਨੋਟ ਜਾਰੀ ਕੀਤਾ ਗਿਆ ਸੀ। ਆਰਥਿਕ ਮਾਮਲਿਆਂ ਦੇ ਸੈਕਟਰੀ ਸੁਭਾਸ਼ ਚੰਦਰ ਗਰਗ ਨੇ ਕਿਹਾ ਕਿ ਲੋੜ ਦੇ ਹਿਸਾਬ ਨਾਲ ਨੋਟਾਂ ਦੀ ਛਪਾਈ ਦੀ ਯੋਜਨਾ ਬਣਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿਸਟਮ 'ਚ 2000 ਰੁਪਏ ਦੇ ਨੋਟ ਲੋੜੀਂਦੀ ਗਿਣਤੀ 'ਚ ਪੂਰੇ ਹਨ। ਮੁੱਲ ਦੇ ਆਧਾਰ 'ਤੇ ਇਸ ਸਮੇਂ ਜਿੰਨੇ ਨੋਟ ਜਾਰੀ ਕੀਤੇ ਗਏ ਹਨ, ਉਨ੍ਹਾਂ 'ਚ 35 ਫੀਸਦੀ ਨੋਟ 2000 ਰੁਪਏ ਦੇ ਹੀ ਹਨ। ਉਨ੍ਹਾਂ ਨੇ ਕਿਹਾ ਕਿ ਫਿਲਹਾਲ 2000 ਰੁਪਏ ਦੇ ਨੋਟਾਂ ਦੀ ਛਪਾਈ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ। ਸਰਕਾਰ ਨੇ ਅੱਠ ਨਵੰਬਰ 2016 ਨੂੰ 500 ਅਤੇ 1000 ਰੁਪਏ ਦੇ ਨੋਟਾਂ ਨੂੰ ਬੰਦ ਕਰ ਦਿੱਤਾ ਸੀ ਅਤੇ ਉਸ ਤੋਂ ਬਾਅਦ ਰਿਜ਼ਰਵ ਬੈਂਕ ਨੇ 2000 ਰੁਪਏ ਦਾ ਅਤੇ 500 ਰੁਪਏ ਦਾ ਨਵਾਂ ਨੋਟ ਜਾਰੀ ਕੀਤਾ ਗਿਆ ਸੀ।

# ਸਕੂਲ ਬੱਸ ਖੱਡ ਵਿੱਚ ਡਿੱਗਣ ਨਾਲ ਛੇ ਬੱਚਿਆਂ ਸਮੇਤ ਸੱਤ ਮੌਤਾਂ

ਸ਼ਿਮਲਾ, 6 ਜਨਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿੱਚ ਇੱਕ ਸਕੂਲੀ ਬਸ ਖੱਡ ਵਿੱਚ ਡਿੱਗ ਪੈਣ ਨਾਲ ਛੇ ਬੱਚਿਆਂ ਅਤੇ ਡਰਾਈਵਰ ਦੀ ਮੌਤ ਹੋ ਗਈ ਅਤੇ 12 ਬੱਚੇ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਮੁਤਾਬਕ ਦਦਾਹੂ ਆਦਰਸ਼ ਵਿਦਿਆ ਨਿਕੇਤਨ ਸਕੂਲ ਦੀ ਬਸ 18 ਬੱਚਿਆਂ ਲਿਜਾ ਰਹੀ ਸੀ ਕਿ ਖੜਕੋਲੀ ਨੇੜੇ ਖੱਡ ਵਿੱਚ ਡਿੱਗ ਗਈ। ਸਿਰਮੌਰ ਦੇ ਐੱਸ ਪੀ ਰੋਹਿਤ ਮਲਪਾਨੀ ਨੇ ਦੱਸਿਆ ਕਿ ਡੀ ਏ ਵੀ



ਹਾਦਸੇ ਵਿਚ ਨੁਕਸਾਨੀ ਗਈ ਬੱਸ।

ਸਕੂਲ ਰੇਣੂਕਾ ਦੇ ਬੱਚਿਆਂ ਨੂੰ ਲਿਜਾ ਰਹੀ ਬਸ ਖੱਡ ਵਿੱਚ ਡਿੱਗਣ ਨਾਲ ਸੱਤ ਜਣੇ ਜ਼ਖਮੀ ਹੋ ਗਏ ਅਤੇ ਛੇ ਬੱਚਿਆਂ ਅਤੇ ਇਸ ਬਸ ਦੇ ਡਰਾਈਵਰ ਦੀ ਮੌਤ ਹੋ ਗਈ। ਐੱਸ ਪੀ ਨੇ ਦੱਸਿਆ ਕਿ ਮੌਕੇ ਉਤੇ ਮੌਤ ਹੋ ਗਈ ਸੀ। ਡਿਪਟੀ ਕਮਿਸ਼ਨਰ ਲਲਿਤ ਜੈਨ ਨੇ ਹਾਦਸੇ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਹਨ। ਸਬ ਡਵੀਜ਼ਨਲ ਮੈਜਿਸਟਰੇਟ, ਸੰਗਰਾਹ ਰਾਜੇਸ਼ ਧੀਮਾਨ ਨੂੰ ਇਸ ਘਟਨਾ ਦੀ ਜਾਂਚ ਕਰ ਕੇ 15 ਦਿਨਾਂ ਵਿੱਚ ਰਿਪੋਰਟ ਦੇਣ ਲਈ ਕਿਹਾ ਹੈ।

# ਰਾਮ ਜਨਮ ਭੂਮੀ ਕੇਸ ਦੀ ਸੁਣਵਾਈ ਇੱਕੋ ਮਿੰਟ ਵਿੱਚ ਹੋ ਗਈ

*** ਬਾਕਾਇਦਾ ਸੁਣਵਾਈ ਨਵਾਂ ਅਦਾਲਤੀ ਬੈਂਚ 10 ਜਨਵਰੀ ਨੂੰ ਕਰੇਗਾ**

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਅਯੁੱਧਿਆ ਵਾਲੇ ਰਾਮ ਜਨਮ ਭੂਮੀ ਕੇਸ ਦੇ ਫ਼ੈਸਲੇ ਦੀ ਭਾਵੇਂ ਪੂਰੇ ਦੇਸ਼ ਨੂੰ ਉਡੀਕ ਸੀ ਤੇ ਇਸ ਨਾਲ ਜੁੜੀ ਸਿਆਸਤ ਸਾਰੇ ਦੇਸ਼ ਦੇ ਮੈਦਾਨ ਵਿੱਚ ਨੱਚ ਰਹੀ ਸੀ, ਪਰ ਜਦੋਂ ਉਸ ਦੀ ਸੁਣਵਾਈ ਹੋਣ ਲੱਗੀ ਤਾਂ ਸੁਪਰੀਮ ਕੋਰਟ ਵਿੱਚ ਇਸ ਦੀ ਨਵੀਂ ਤਰੀਕ ਮਿਲਣ ਵਿੱਚ ਮਸਾਂ ਇਕ ਮਿੰਟ ਸਮਾਂ ਲੱਗਾ। ਅੱਗੋਂ 10 ਜਨਵਰੀ ਨੂੰ ਨਵਾਂ ਅਦਾਲਤੀ ਬੈਂਚ ਇਸ ਕੇਸ ਵਿੱਚ ਆਈਆਂ ਹੋਈਆਂ ਸਾਰੀਆਂ ਅਪੀਲਾਂ ਦੀ ਸੁਣਵਾਈ ਕਰੇਗਾ।

ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੇ ਬੈਂਚ ਨੇ ਸ਼ੁੱਕਰਵਾਰ ਨੂੰ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਕੇਸ ਨੂੰ 10 ਜਨਵਰੀ ਨੂੰ ਢੁਕਵੇਂ ਬੈਂਚ ਮੂਹਰੇ ਸੁਣਵਾਈ ਲਈ ਰੱਖਣ ਦਾ ਹੁਕਮ ਦਿੱਤਾ ਹੈ। ਇਸ ਕੇਸ ਦੀ ਰਸਮੀ ਸੁਣਵਾਈ ਵਿੱਚ ਹਾਲੇ ਹੋਰ ਸਮਾਂ ਲੱਗ ਸਕਦਾ ਹੈ। ਸੁਪਰੀਮ ਕੋਰਟ ਵਿੱਚ ਰਾਮ ਜਨਮ ਭੂਮੀ ਮੁੱਦੇ ਬਾਰੇ ਅਪੀਲਾਂ ਸਾਲ 2010 ਤੋਂ ਪੈਂਡਿੰਗ ਹਨ। ਸੁਣਵਾਈ ਵਿੱਚ ਦੇਰੀ ਕਾਰਨ ਸੰਤ ਸਮਾਜ ਅਤੇ ਸੰਘ ਪਰਿਵਾਰ ਲਗਾਤਾਰ ਆਰਡੀਨੈਂਸ ਜਾਰੀ ਕਰਨ ਦਾ ਦਬਾਅ ਪਾ ਰਿਹਾ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਇਕ ਇੰਟਰਵਿਊ ਵਿੱਚ ਕੇਸ ਕੋਰਟ ਵਿੱਚ



ਹੋਣ ਦੇ ਕਾਰਨ ਹਾਲੇ ਆਰਡੀਨੈਂਸ ਦੀ ਸੰਭਾਵਨਾ ਰੱਦ ਕਰ ਦਿੱਤੀ ਸੀ, ਪਰ ਅੱਜ ਨਵੀਂ ਤਰੀਕ ਮਿਲਣ ਨਾਲ ਛੇਤੀ ਸੁਣਵਾਈ ਦੀ ਉਡੀਕ ਕਰਦੀਆਂ ਧਿਰਾਂ ਨਿਰਾਸ਼ ਹੋਈਆਂ ਹਨ। ਕੋਰਟ ਨੇ ਪਿਛਲੀ ਸੁਣਵਾਈ 29 ਅਕਤੂਬਰ ਨੂੰ ਸਾਫ਼ ਕਰ ਦਿੱਤਾ ਸੀ ਕਿ ਮਾਮਲਾ ਜਨਵਰੀ ਦੇ ਪਹਿਲੇ ਹਫ਼ਤੇ ਵਿੱਚ ਤਰੀਕ ਤੇ ਨਵਾਂ ਬੈਂਚ ਤੈਅ ਕਰਨ ਲਈ ਹੀ ਲੱਗਣਾ ਹੈ।

ਅੱਜ ਸਵੇਰੇ ਜਦੋਂ ਕੇਸ ਦੀ ਸੁਣਵਾਈ ਸ਼ੁਰੂ ਹੋਈ ਅਤੇ ਰਾਮਲਲਾ ਵਾਲੀ ਧਿਰ ਦੇ ਵਕੀਲ ਹਰੀਸ਼ ਸਾਲਵੇ ਨੇ ਬੋਲਣਾ ਚਾਹਿਆ ਤਾਂ ਚੀਫ ਜਸਟਿਸ ਨੇ ਕਿਹਾ ਕਿ ਇਹ ਕੇਸ ਰਾਮ ਜਨਮ ਭੂਮੀ ਦਾ ਹੈ। ਸਾਲਵੇ ਅਤੇ ਦੂਸਰੇ ਪਾਸੇ ਮੁਸਲਿਮ ਧਿਰਾਂ ਦੇ ਵਕੀਲ ਰਾਜੀਵ ਧਵਨ ਦੋਵਾਂ ਨੇ ਹਾਂ ਵਿੱਚ ਸਿਰ ਹਿਲਾਇਆ। ਇਸ ਪਿੱਛੋਂ ਚੀਫ ਜਸਟਿਸ ਨੇ ਸਿੱਧਾ ਹੁਕਮ ਲਿਖ ਦਿੱਤਾ। ਸੁਣਵਾਈ ਮਸਾਂ ਇਕ ਮਿੰਟ ਚੱਲੀ ਅਤੇ ਦੋਵੇਂ ਧਿਰਾਂ ਦੇ ਸੀਨੀਅਰ ਵਕੀਲਾਂ ਦੀ ਵੱਡੀ ਫੌਜ ਨੂੰ ਇਕ ਸ਼ਬਦ ਬੋਲਣ ਦਾ ਮੌਕਾ ਵੀ ਨਹੀਂ ਦਿੱਤੇ ਬਿਨਾਂ ਅਗਲੀ ਤਾਰੀਖ ਦੇ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਇਲਾਹਾਬਾਦ ਹਾਈ ਕੋਰਟ ਨੇ 30 ਸਤੰਬਰ 2010 ਨੂੰ ਵਿਵਾਦ ਵਾਲੀ ਜ਼ਮੀਨ ਨੂੰ ਰਾਮਲੱਲਾ, ਨਿਰਮੋਹੀ ਅਖਾੜਾ ਅਤੇ ਮੁਸਲਿਮ ਧਿਰਾਂ ਵਿਚਾਲੇ ਤਿੰਨ ਬਰਾਬਰ ਹਿੱਸਿਆਂ ਵਿੱਚ ਵੰਡਣ ਦਾ ਹੁਕਮ ਦਿੱਤਾ ਸੀ। ਰਾਮਲੱਲਾ ਸਮੇਤ ਸਭ ਧਿਰਾਂ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਕੁੱਲ ਮਿਲਾ ਕੇ 13 ਅਪੀਲਾਂ ਕੀਤੀਆਂ ਹਨ। ਸੁਪਰੀਮ ਕੋਰਟ ਦੇ ਹੁਕਮ ਨਾਲ ਹਾਲੇ ਇਸ ਕੇਸ ਵਿੱਚ ਪਹਿਲੀ ਸਥਿਤੀ ਕਾਇਮ ਹੈ। ਇਸ ਦੌਰਾਨ ਮਸਜਿਦ ਨੂੰ ਨਮਾਜ਼ ਪੜ੍ਹਨ ਲਈ ਇਸਲਾਮ ਦਾ ਅਟੁੱਟ ਹਿੱਸਾ ਨਾ ਮੰਨਣ ਦੇ ਫ਼ੈਸਲੇ ਦਾ ਰੀਵਿਊ ਕਰਨ ਲਈ ਮੁਸਲਿਮ ਧਿਰਾਂ ਦੀ ਅਪੀਲ ਕੋਰਟ ਨੇ ਰੱਦ ਕਰ ਦਿੱਤੀ ਸੀ। ਪਿਛਲੇ ਸਾਲ 27 ਸਤੰਬਰ ਦੇ ਉਸ ਫ਼ੈਸਲੇ ਵਿੱਚ ਕੋਰਟ ਨੇ ਕਿਹਾ ਸੀ ਕਿ ਮੁੱਖ ਕੇਸ ਦੀ ਸੁਣਵਾਈ ਵਿੱਚ ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ, ਇਸ ਲਈ ਕੇਸ ਨੂੰ ਅਕਤੂਬਰ ਦੇ ਆਖਰੀ ਹਫ਼ਤੇ ਵਿੱਚ ਸੁਣਵਾਈ ਲਈ ਲਾਇਆ ਜਾਵੇ। ਇਸ ਪਿੱਛੋਂ ਜਸਟਿਸ ਦੀਪਕ ਮਿਸ਼ਰਾ ਸੇਵਾਮੁਕਤ ਹੋ ਗਏ ਤਾਂ ਇਸ ਦੇ ਬਾਅਦ ਤਿੰਨ ਤਰੀਕਾਂ ਪੈ ਚੁੱਕੀਆਂ ਹਨ।

## ਆਪ ਪਾਰਟੀ ਛੱਡ ਚੁੱਕੇ ਐੱਚ ਐੱਸ ਫੂਲਕਾ ਵੱਖਰੀ ਜਥੇਬੰਦੀ ਬਣਾ ਕੇ ਸੰਘਰਸ਼ ਕਰਨਗੇ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵਿੱਚੋਂ ਇੱਕ ਦਿਨ ਪਹਿਲਾਂ ਅਸਤੀਫਾ ਦੇ ਜਾਣ ਵਾਲੇ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਆਪਣੀ ਭਵਿੱਖ ਦੀ ਰਣਨੀਤੀ ਬਾਰੇ ਕਿਹਾ ਹੈ ਕਿ ਉਹ 6 ਮਹੀਨਿਆਂ ਦੇ ਅੰਦਰ ਪੰਜਾਬ ਦੇ ਸਮਾਜ ਸੇਵੀਆਂ ਨੂੰ ਨਾਲ ਲੈ ਕੇ ਸੰਗਠਨ ਬਣਾਉਣਗੇ, ਜਿਹੜਾ ਪੰਜਾਬ ਵਿਚ ਨਸ਼ੇ ਦੇ ਖਿਲਾਫ ਸੰਘਰਸ਼ ਕਰੇਗਾ। ਫੂਲਕਾ ਨੇ ਇਹ ਵੀ ਕਿਹਾ ਕਿ ਇਸ ਸੰਗਠਨ ਨਾਲ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸਿਆਸੀ ਲੋਕਾਂ ਤੋਂ ਮੁਕਤ ਕਰਾਉਣਗੇ, ਤਾਂ ਕਿ ਲੋਕ ਭਲਾਈ ਅਤੇ ਪੰਜਾਬ ਦੇ ਜਨਤਾ ਦੇ ਹਿੱਤਾਂ ਲਈ ਕੰਮ ਕਰ ਜਾਵੇ।

ਦਿੱਲੀ ਦੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਫੂਲਕਾ ਨੇ ਕਿਹਾ ਕਿ ਅੱਠ ਸਾਲ ਪਹਿਲਾਂ ਅੰਨਾ ਹਜ਼ਾਰੇ ਵਲੋਂ ਚਲਾਏ ਅੰਦੋਲਨ ਵਿਚ ਕਈ ਸਮਾਜ ਸੇਵੀਆਂ ਨੇ ਹਿੱਸਾ ਲਿਆ ਤੇ ਇਸ ਨੇ ਕਈ ਲੀਡਰ ਪੈਦਾ ਕੀਤੇ



ਸਨ, ਅੱਜ ਅੰਨਾ ਹਜ਼ਾਰੇ ਨੂੰ ਫਿਰ ਓਦਾਂ ਦੀ ਲਹਿਰ ਚਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਸਭਨਾਂ ਨੂੰ ਸੱਦਾ ਦਿੰਦੇ ਹਨ, ਜਿਹੜੇ ਪੰਜਾਬ ਤੇ ਪੰਜਾਬੀਅਤ ਲਈ ਕੁਝ ਕਰਨਾ ਚਾਹੁੰਦੇ ਹਨ। ਫੂਲਕਾ ਨੇ ਕਿਹਾ ਕਿ ਉਹ ਪੰਜਾਬ ਦੇ ਭਲੇ ਲਈ ਸਿਆਸਤ ਵਿਚ ਆਏ ਸਨ ਤੇ ਉਨ੍ਹਾਂ ਨੂੰ ਪੰਜ ਸਾਲ ਸਿਆਸੀ ਸਫਰ ਵਿਚ ਲੋਕਾਂ ਦਾ ਪੂਰਾ ਸਮਰਥਨ ਮਿਲਿਆ ਹੈ। ਉਨ੍ਹਾ ਨੇ ਕਿਹਾ ਕਿ ਉਨ੍ਹਾਂ ਨੇ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ, ਪਰ ਅਜੇ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਨਹੀਂ ਹੋਇਆ ਤੇ ਉਹ ਅਜੇ ਵੀ ਤਕਨੀਕੀ ਤੌਰ ਉੱਤੇ ਹਲਕਾ ਦਾਖਾ ਤੋਂ ਵਿਧਾਇਕ ਹਨ।

ਇਸ ਮੌਕੇ ਫੂਲਕਾ ਨੇ ਕਿਹਾ ਕਿ ਉਨ੍ਹਾਂ ਨੂੰ ਪੁੱਛਿਆ ਜਾਂਦਾ ਹੈ ਕਿ ਉਹ ਪਾਰਲੀਮੈਂਟ ਚੋਣ ਲੜਨਗੇ ਜਾਂ ਨਹੀਂ, ਪਰ ਉਹ ਸਾਫ ਕਰਦੇ ਹਨ ਕਿ ਉਹ ਲੋਕ ਸਭਾ ਚੋਣ ਨਹੀਂ ਲੜਨਗੇ। ਵਿਧਾਨ ਸਭਾ ਦਾ ਵਿਰੋਧੀ ਧਿਰ ਦਾ ਅਹੁਦਾ ਛੱਡਣ ਬਾਰੇ ਉਨ੍ਹਾ ਕਿਹਾ ਕਿ ਬਾਰ ਕੌਂਸਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਵਿਰੋਧੀ ਧਿਰ ਦੇ ਅਹੁਦੇ ਉੱਤੇ ਹੁੰਦੇ ਹੋਏ 1984 ਦੇ ਕਤਲੇਆਮ ਦਾ ਕੇਸ ਨਹੀਂ ਲੜ ਸਕਦੇ, ਇਸ ਲਈ ਉਨ੍ਹਾਂ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾ ਕਿਹਾ ਕਿ ਕਈ ਮਹੀਨਿਆਂ ਤੋਂ ਉਹ ਆਮ ਆਦਮੀ ਪਾਰਟੀ ਦੀ ਕਿਸੇ ਸਿਆਸੀ ਸਰਗਰਮੀ ਵਿਚ ਸ਼ਾਮਲ ਨਹੀਂ ਹੋਏ, ਉਨ੍ਹਾਂ ਦਾ ਧਿਆਨ 1984 ਵਾਲੇ ਕੇਸਾਂ ਉੱਤੇ ਸੀ, ਅੱਗੋਂ ਉਹ ਪੰਜਾਬ ਵਿੱਚ ਨਸ਼ੇ ਦੀ ਖਾਤਮੇ ਦਾ ਕੰਮ ਕਰਨ ਜਾ ਰਹੇ ਹਨ ਅਤੇ ਆਉਣ ਵਾਲੇ ਛੇ ਮਹੀਨਿਆਂ ਦੇ ਅੰਦਰ-ਅੰਦਰ ਇਕ ਜਥੇਬੰਦੀ ਦਾ ਗਠਨ ਕੀਤਾ ਜਾਵੇਗਾ।

## ਬੰਗਲਾ ਦੇਸ਼ ਭੇਜੇ ਜਾ ਰਹੇ 17 ਕਿਲੋ ਹਾਥੀ ਦੰਦ ਬਰਾਮਦ, ਟਰੱਕ ਚਾਲਕ ਕਾਬੂ



ਸਿਲੀਗੁੜੀ, 6 ਜਨਵਰੀ (ਪੋਸਟ ਬਿਊਰੋ)- ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਦੀ ਟੀਮ ਨੇ ਸਘੋਸ਼ਪੁਕੁਰ ਦੇ ਨੇੜੇ 16.962 ਕਿਲੋਗਰਾਮ ਹਾਥੀ ਦੇ ਦੰਦਾਂ ਨਾਲ ਟਰੱਕ ਚਾਲਕ ਨੂੰ ਫੜਿਆ ਹੈ। ਗ੍ਰਿਫਤਾਰ ਦੋਸ਼ੀ ਦਾ ਨਾਂਅ ਸੁਬੋਧ ਦਾਸ ਹੈ ਤੇ ਉਹ ਆਸਾਮ ਦੇ ਹੋਜਾਈ ਨਾਗੌਨ ਦਾ ਵਾਸੀ ਹੈ। ਫੜੇ ਗਏ ਹਾਥੀ ਦੰਦਾਂ ਦੀ ਕੀਮਤ ਇੱਕ ਕਰੋੜ 69 ਲੱਖ ਰੁਪਏ ਦੇ ਲਗਭਗ ਹੈ। ਟਰੱਕ ਚਾਲਕ ਤੋਂ ਇੱਕ ਮੋਬਾਈਲ ਫੋਨ ਵੀ ਪੁਲਸ ਨੇ ਫੜਿਆ ਹੈ।

ਟਰੱਕ ਚਾਲਕ ਨਹੇ ਹਾਥੀ ਦੇ ਦੰਦ ਆਪਣੇ ਕੈਬਿਨ 'ਚ ਅਖਬਾਰ ਵਿੱਚ ਲਪੇਟ ਕੇ ਰੱਖੇ ਸਨ। ਕੰਟੇਨਰ 'ਚ ਚਾਹ ਪੱਤੀ ਲੱਦੀ ਹੋਈ ਸੀ। ਸਿਲੀਗੁੜੀ ਕੋਰਟ ਵਿੱਚ ਪੇਸ਼ੀ ਵੇਲੇ ਉਸ ਦੀ ਜ਼ਮਾਨਤ ਲਈ ਵਕੀਲ ਸੁਦੀਪਤ ਭੱਟਾਚਾਰੀਆ ਉਰਫ ਬਾਬੂ ਸੋਨੀ, ਆਕਾਸ਼ ਦੀਪਸ਼ੀਲ ਅਤੇ ਪੂਜਾ ਮਈਆ ਪੇਸ਼ ਹੋਏ। ਸਰਕਾਰੀ ਵਕੀਲ ਨੇ ਕਿਹਾ ਕਿ ਇਹ ਸੰਸਾਰ ਸਮੱਗਲਿੰਗ ਦੇ ਗਿਰੋਹ ਦੀ ਕੜੀ ਹੈ। ਇਸ ਨੂੰ ਕਿਸੇ ਕੀਮਤ 'ਤੇ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। ਸਰਕਾਰੀ ਵਕੀਲ ਦੇ ਵਿਰੋਧ ਕਰਨ ਤੋਂ ਬਾਅਦ ਦੋਸ਼ੀ ਨੂੰ ਜ਼ਮਾਨਤ ਨਾ ਦੇ ਕੇ 14 ਦਿਨਾਂ ਲਈ ਜੇਲ ਭੇਜ ਦਿੱਤਾ ਗਿਆ।

## ਅਦਾਲਤ ਨੇ ਗਵਾਹਾਂ ਦੇ ਬਿਆਨ ਪੜ੍ਹਨ ਲਈ ਬਚਾਅ ਪੱਖ ਨੂੰ ਹੋਰ ਸਮਾਂ ਦਿੱਤਾ

*** ਮਾਮਲਾ 400 ਸਾਧੂਆਂ ਨੂੰ ਨਪੁੰਸਕ ਬਣਾਏ ਜਾਣ ਦਾ**

ਪੰਚਕੂਲਾ, 6 ਜਨਵਰੀ (ਪੋਸਟ ਬਿਊਰੋ)- ਸਾਧਵੀਆਂ ਦੇ ਬਲਾਤਕਾਰ ਦੇ ਕੇਸ ਵਿੱਚ ਸਜ਼ਾ ਕੱਟ ਰਹੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਦੇ ਡੇਰੇ ਦੇ ਹਸਪਤਾਲ ਵਿੱਚ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ 'ਚ ਕੱਲ੍ਹ ਜੱਜ ਕਪਿਲ ਰਾਠੀ ਦੀ ਸੀ ਬੀ ਆਈ ਅਦਾਲਤ 'ਚ ਸੁਣਵਾਈ ਹੋਈ ਤਾਂ ਰਾਮ ਰਹੀਮ ਨੂੰ ਵੀਡੀਓ ਰਾਹੀਂ ਪੇਸ਼ ਕੀਤਾ ਗਿਆ।

ਇਸ ਸੁਣਵਾਈ ਦੌਰਾਨ ਬਚਾਅ ਪੱਖ ਨੇ ਅਦਾਲਤ ਕੋਲੋਂ ਗਵਾਹਾਂ ਦੇ ਬਿਆਨਾਂ ਨੂੰ ਪੜ੍ਹਨ ਲਈ ਹੋਰ ਸਮਾਂ ਮੰਗਿਆ, ਜਿਸ ਪਿੱਛੋਂ ਅਦਾਲਤ ਨੇ ਹੋਰ ਸਮਾਂ ਦਿੰਦੇ ਹੋਏ ਕੇਸ ਦੀ ਸੁਣਵਾਈ ਲਈ 9 ਜਨਵਰੀ ਦੀ ਤਰੀਕ ਮਿਥੀ ਹੈ। ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ 20 ਸਾਲ



ਦੀ ਸਜ਼ਾ ਭੁਗਤ ਰਹੇ ਸਿਰਸਾ ਡੇਰਾ ਮੁਖੀ ਰਾਮ ਰਹੀਮ ਦੇ ਖਿਲਾਫ ਸੀ ਬੀ ਆਈ ਨੇ ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਦੋਸ਼ ਵਿੱਚ ਪੰਚਕੂਲਾ ਵਿੱਚ ਸੀ ਬੀ ਆਈ ਦੇ ਵਿਸ਼ੇਸ਼ ਜੱਜ ਦੀ ਅਦਾਲਤ 'ਚ ਇਕ ਫਰਵਰੀ 2018 ਨੂੰ ਰਾਮ ਰਹੀਮ ਸਮੇਤ ਦੋ ਡਾਕਟਰਾਂ ਦੇ ਖਿਲਾਫ ਚਾਰਜਸ਼ੀਟ ਫਾਈਲ ਕੀਤੀ ਸੀ ਅਤੇ ਪੰਜ ਫਰਵਰੀ ਨੂੰ ਸੀ ਬੀ ਆਈ ਨੇ ਬਾਕੀ ਦੇ ਕਾਗਜ਼ ਅਦਾਲਤ 'ਚ ਪੇਸ਼ ਕੀਤੇ ਸਨ। ਇਸ ਮਾਮਲੇ ਵਿੱਚ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੀ ਸ਼ਿਕਾਇਤ ਉੱਤੇ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸੀ ਬੀ ਆਈ ਵੱਲੋਂ ਰਾਮ ਰਹੀਮ ਅਤੇ ਦੋ ਡਾਕਟਰਾਂ ਦੇ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਗਈ ਸੀ।

## ਦਹਿਸ਼ਤਗਰਦਾਂ ਨੇ ਪੁਲਵਾਮਾ ਵਿੱਚ ਸਿੱਖ ਦੀ ਹੱਤਿਆ ਵੀ ਕਰ ਛੱਡੀ

ਸ੍ਰੀਨਗਰ, 6 ਜਨਵਰੀ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲੇ ਵਿੱਚ ਦਹਿਸ਼ਤਗਰਦਾਂ ਨੇ ਕੱਲ੍ਹ ਇਕ ਸਿੱਖ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਆਮ ਕਰ ਕੇ ਓਥੇ ਸਿੱਖਾਂ ਉੱਤੇ ਹਮਲਾ ਨਹੀਂ ਕੀਤਾ ਜਾਂਦਾ।

ਇਕ ਪੁਲਸ ਅਫਸਰ ਦੇ ਮੁਤਾਬਕ ਇਥੋਂ ਥੋੜ੍ਹੀ ਦੂਰ ਤਰਾਲ ਖੇਤਰ ਦੇ ਖਾਸੀਪੋਰਾ ਵਿੱਚ ਦਹਿਸ਼ਤਗਰਦਾਂ ਨੇ ਸਿਮਰਨਜੀਤ ਸਿੰਘ ਨੂੰ ਗੋਲੀ ਮਾਰ ਦਿੱਤੀ। ਸਿਮਰਨਜੀਤ ਸਿੰਘ, ਜਿਸ ਦੇ ਵੱਡੇ ਭਰਾ ਨੂੰ ਸੱਜਰੀਆਂ ਪੰਚਾਇਤ ਚੋਣਾਂ ਵਿੱਚ ਸਰਪੰਚ ਚੁਣਿਆ ਗਿਆ ਹੈ, ਨੂੰ ਸਥਾਨਕ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਇਸ ਦੌਰਾਨ ਪਾਕਿਸਤਾਨ ਨੇ ਕੱਲ੍ਹ ਫਿਰ ਗੋਲੀਬੰਦੀ ਦਾ ਉਲੰਘਣ ਕਰਦਿਆਂ ਪੁਣਛ ਜ਼ਿਲੇ ਵਿੱਚ ਕੰਟਰੋਲ ਰੇਖਾ ਦੇ ਨਾਲ ਦੀਆਂ ਚੌਕੀਆਂ ਅਤੇ ਆਮ ਨਾਗਰਿਕਾਂ ਦੀ ਵਸੋਂ ਵਾਲੇ ਖੇਤਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਮੋਰਟਾਰ ਦਾਗੇ। ਅਧਿਕਾਰੀਆਂ ਮੁਤਾਬਕ ਭਾਰਤੀ ਫੌਜਾਂ ਨੇ ਗੋਲੀਬਾਰੀ ਦਾ ਢੁੱਕਵਾਂ ਜਵਾਬ ਦਿੱਤਾ।

## ਨਸੀਰੁਦੀਨ ਸ਼ਾਹ ਫਿਰ ਬੋਲਿਆ, ਮਜਹਬ ਦੇ ਨਾਂਅ ਉਤੇ ਖੜ੍ਹੀ ਕੀਤੀ ਜਾ ਰਹੀ ਹੈ ਨਫਰਤ ਦੀ ਕੰਧ

ਨਵੀਂ ਦਿੱਲੀ, 6 ਜਨਵਰੀ (ਪੋਸਟ ਬਿਊਰੋ)- ਐਮਨੈਸਟੀ ਇੰਡੀਆ ਦੇ ਇਕ ਵੀਡੀਓ ਵਿੱਚ ਅਭਿਨੇਤਾ ਨਸੀਰੂਦੀਨ ਸ਼ਾਹ ਨੇ ਕਿਹਾ ਹੈ ਕਿ ਧਰਮ ਦੇ ਨਾਮ 'ਤੇ ਨਫਰਤ ਦੀ ਕੰਧ ਖੜੀ ਕੀਤੀ ਜਾ ਰਹੀ ਹੈ।

ਮਨੁੱਖੀ ਅਧਿਕਾਰਾਂ ਉੱਤੇ ਨਜ਼ਰ ਰੱਖਣ ਵਾਲੀ ਸੰਸਥਾ ਐਮਨੈਸਟੀ ਲਈ 2.13 ਮਿੰਟ ਦੇ ਵੀਡੀਓ ਵਿੱਚ ਸ਼ਾਹ ਨੇ ਇਕ ਵਾਰ ਫਿਰ ਮੋਰਚਾ ਖੋਲ੍ਹਦੇ ਹੋਏ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਮਨੁੱਖੀ ਅਧਿਕਾਰਾਂ ਦੀ ਮੰਗ ਕੀਤੀ, ਉਨ੍ਹਾਂ ਨੂੰ ਜੇਲ੍ਹ ਵਿੱਚ ਪਾਇਆ ਜਾ ਰਿਹਾ ਹੈ। ਨਸੀਰੁਦੀਨ ਸ਼ਾਹ ਨੇ ਇਸ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਕਲਾਕਾਰਾਂ, ਅਭਿਨੇਤਾਵਾਂ, ਖੋਜੀਆਂ, ਕਵੀਆਂ ਸਾਰਿਆਂ ਨੂੰ ਦਬਾਇਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਵੀ ਚੁੱਪ ਕਰਾਇਆ ਜਾ ਰਿਹਾ ਹੈ। ਉਨ੍ਹਾ ਨੇ ਦਾਅਵਾ ਕੀਤਾ ਕਿ ਧਰਮ ਦੇ ਨਾਮ ਉੱਤੇ ਨਿਰਦੋਸ਼ਾਂ ਦੀ ਹੱਤਿਆ ਕੀਤੀ ਜਾਂਦੀ ਹੈ ਅਤੇ ਦੇਸ਼ ਭਿਆਨਕ ਨਫਰਤ ਅਤੇ ਕਰੂਰਤਾ ਨਾਲ ਭਰ ਗਿਆ ਹੈ। ਐਮਨੈਸਟੀ ਦੇ ਵੀਡੀਓ ਵਿੱਚ ਸ਼ਾਹ ਨੇ ਇਕ ਵਾਰ ਫਿਰ ਕਿਹਾ ਕਿ ਜੋ ਇਸ 'ਅੰਨਿਆ' ਖਿਲਾਫ ਖੜੇ ਹੁੰਦੇ ਹਨ, ਉਨ੍ਹਾਂ ਨੂੰ ਚੁੱਪ ਕਰਾਉਣ ਲਈ ਉਨ੍ਹਾਂ ਦੇ ਦਫਤਰਾਂ ਵਿੱਚ ਛਾਪੇ ਮਾਰੇ ਜਾਂਦੇ ਹਨ, ਲਾਇਸੈਂਸ ਰੱਦ ਕੀਤੇ ਜਾਂਦੇ ਹਨ ਅਤੇ ਬੈਂਕ ਖਾਤੇ ਫਰੀਜ਼ ਕੀਤੇ ਜਾਂਦੇ ਹਨ। ਉਨ੍ਹਾਂ ਨੇ ਵੀਡੀਓ ਵਿੱਚ ਕਿਹਾ ਕਿ ਸਾਡਾ ਦੇਸ਼ ਕਿੱਥੇ ਜਾ ਰਿਹਾ ਹੈ, ਕੀ ਅਸੀਂ ਅਜਿਹੇ ਦੇਸ਼ ਦਾ ਸੁਪਨਾ ਦੇਖਿਆ ਸੀ, ਜਿਥੇ ਬੇਚੈਨੀ ਦੀ ਕੋਈ ਜਗ੍ਹਾ ਨਹੀਂ, ਜਿਥੇ ਕੇਵਲ ਅਮੀਰ ਅਤੇ ਸ਼ਕਤੀਸ਼ਾਲੀ ਲੋਕਾਂ ਨੂੰ ਸੁਣਿਆ ਜਾਂਦਾ ਹੈ। ਐਮਨੈਸਟੀ ਨੇ 'ਅਬ ਕੀ ਬਾਰ ਮਾਨਵ ਅਧਿਕਾਰ' ਹੈਸ਼ਟੈਗ ਦੇ ਤਹਿਤ ਦਾਅਵਾ ਕੀਤਾ ਕਿ ਭਾਰਤ ਵਿੱਚ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲਿਆਂ 'ਤੇ ਵੱਡੀ ਕਾਰਵਾਈ ਕੀਤੀ ਗਈ ਹੈ।

## ਅਰੁਣ ਜੇਤਲੀ ਨੇ ਮੈਨੂੰ ਗਾਲ੍ਹ ਕੱਢੀ, ਪਰ ਰਾਫੇਲ ਬਾਰੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ: ਰਾਹੁਲ ਗਾਂਧੀ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਰਾਫੇਲ ਹਵਾਈ ਜਹਾਜ਼ ਸੌਦੇ ਉੱਤੇ ਕਾਂਗਰਸ ਵੱਲੋਂ ਲਗਾਤਾਰ ਹਮਲੇ ਜਾਰੀ ਰੱਖਦਿਆਂ ਅੱਜ ਫਿਰ ਇਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਕਈ ਸਵਾਲ ਕੀਤੇ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਫੇਲ ਮੁੱਦੇ ਉੱਤੇ ਚਰਚਾ ਛੱਡ ਕੇ ਭੱਜ ਗਏ ਹਨ। ਰਾਹੁਲ ਗਾਂਧੀ ਨੇ ਕਿਹਾ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਵੀ ਉਨ੍ਹਾਂ ਨੂੰ ਗਾਲ੍ਹ ਤਾਂ ਕੱਢੀ, ਪਰ ਰਾਫੇਲ ਮੁੱਦੇ ਉੱਤੇ ਉੱਠਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ।

ਵਰਨਣ ਯੋਗ ਹੈ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੰਟਰਵਿਊ ਲੈਣ ਵਾਲੀ ਪੱਤਰਕਾਰ ਉੱਤੇ ਸਵਾਲ ਕਰਨ ਕਰ ਕੇ ਰਾਹੁਲ ਗਾਂਧੀ ਬਾਰੇ ਕਿਹਾ ਸੀ ਕਿ 'ਤਾਨਾਸ਼ਾਹ ਦੇ ਪੋਤੇ ਨੇ ਆਪਣਾ ਅਸਲੀ ਡੀ ਐੱਨ ਏ ਦਿਖਾ ਦਿੱਤਾ ਹੈ।' ਅੱਜ ਰਾਹੁਲ ਗਾਂਧੀ ਨੇ ਪਾਰਲੀਮੈਂਟ



ਕੰਪਲੈਕਸ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਰਾਫੇਲ ਕੇਸ ਉੱਤੇ ਜਦੋਂ ਪਾਰਲੀਮੈਂਟ ਵਿੱਚ ਚਰਚਾ ਹੋਈ ਤਾਂ ਪ੍ਰਧਾਨ ਮੰਤਰੀ ਓਥੇ ਨਹੀਂ ਸਨ, ਉਹ ਰਾਫੇਲ ਸੌਦੇ ਬਾਰੇ ਚਰਚਾ ਤੋਂ ਭੱਜ ਗਏ ਹਨ। ਅਰੁਣ ਜੇਤਲੀ ਨੇ ਲੰਬਾ ਭਾਸ਼ਣ ਦਿੱਤਾ, ਗਾਲ੍ਹ ਕੱਢੀ, ਪਰ ਮੁੱਦੇ ਬਾਰੇ ਜਿਹੜੇ ਸਵਾਲ ਉੱਠ ਰਹੇ ਹਨ, ਉਨ੍ਹਾਂ ਦਾ ਜਵਾਬ ਨਹੀਂ ਦਿੱਤਾ। ਮੈਂ ਪਿਆਰ ਨਾਲ ਇਸ ਮੁੱਦੇ ਉੱਤੇ ਆਪਣੇ ਸਵਾਲ ਦੁਹਰਾਉਣਾ ਚਾਹੁੰਦਾ ਤੇ ਜਵਾਬ ਮੰਗਦਾ ਹਾਂ।










# ਟਰੰਪ ਨੇ ਐਮਰਜੰਸੀ ਅਤੇ ਸੰਕਟ ਲੰਮਾ ਚੱਲਦਾ ਰੱਖਣ ਦੀ ਧਮਕੀ ਦੇ ਮਾਰੀ



ਵਾਸ਼ਿੰਗਟਨ, 5 ਜਨਵਰੀ, (ਪੋਸਟ ਬਿਊਰੋ)- ਮੈਕਸੀਕੋ ਨਾਲ ਸਾਂਝੀ ਅਮਰੀਕੀ ਸਰਹੱਦ ਉੱਤੇ ਦੀਵਾਰ ਬਣਾਉਣ ਦੇ ਮੁੱਦੇ ਕਾਰਨ ਅਮਰੀਕਾ ਵਿੱਚ ਪੈਦਾ ਹੋਇਆ ਸੰਕਟ ਵਧਦਾ ਜਾ ਰਿਹਾ ਹੈ। ਦੀਵਾਰ ਲਈ ਪੈਸਾ ਹਾਸਲ ਨਾ ਕਰਵਾਏ ਜਾਣ ਕਾਰਨ ਸਖ਼ਤ ਰੁਖ਼ ਧਾਰਨ ਕਰ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਮਰਜੈਂਸੀ ਲਾਗੂ ਕਰਨ ਦੀ ਧਮਕੀ ਦੇ ਦਿੱਤੀ ਹੈ ਅਤੇ ਉਨ੍ਹਾਂ ਚਿਤਾਵਨੀ ਭਰੇ ਲਹਿਜ਼ੇ ਵਿੱਚ ਇਹ ਵੀ ਕਹਿ ਦਿੱਤਾ ਹੈ ਕਿ ਜੇ ਅਮਰੀਕੀ ਪਾਰਲੀਮੈਂਟ ਮੈਕਸੀਕੋ ਬਾਰਡਰ ਉੱਤੇ ਦੀਵਾਰ ਬਣਾਉਣ ਲਈ ਪੈਸਾ ਦੇਣਾ ਨਹੀਂ ਮੰਨਦੀ ਤਾਂ ਉਹ ਸਰਕਾਰ ਦੇ ਕੰਮ-ਕਾਜ ਨੂੰ ਅੰਸ਼ਿਕ ਤੌਰ ਉੱਤੇ ਕੁਝ ਕੁ ਮਹੀਨਿਆਂ ਜਾਂ ਕੁਝ ਸਾਲਾਂ ਤਕ ਵੀ ਠੱਪ ਰੱਖ ਸਕਦੇ ਹਨ। ਇਹ ਗੰਭੀਰ ਚਿਤਾਵਨੀ ਮੰਨੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ਨਾਲ ਲੱਗਦੀ ਸਰਹੱਦ ਉੱਤੇ ਦੀਵਾਰ ਬਣਾਉਣ ਲਈ ਪੰਜ ਸੌ ਕਰੋੜ ਡਾਲਰ ਦਾ ਬਜਟ ਮੰਗਿਆ ਹੈ। ਉਨ੍ਹਾਂ ਦੀ ਦਲੀਲ ਹੈ ਕਿ ਪ੍ਰਵਾਸੀ ਲੋਕਾਂ ਨੂੰ ਅਮਰੀਕਾ ਵਿੱਚ ਗੈਰ ਕਾਨੂੰਨੀ ਤੌਰ ਉੱਤੇ ਆਉਣ ਤੋਂ ਰੋਕਣ ਲਈ ਮੈਕਸੀਕੋ ਸਰਹੱਦ ਉੱਤੇ ਦੀਵਾਰ ਬਣਾਉਣੀ ਜ਼ਰੂਰੀ ਹੈ। ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿੱਚ ਬਹੁਮਤ ਵਿੱਚ ਆਏ ਹੋਏ ਵਿਰੋਧੀ ਧਿਰ ਡੈਮੋਕਰੇਟਿਕ ਪਾਰਟੀ ਦੇ ਮੈਂਬਰ ਇਸ ਅਮਲ ਦਾ ਵਿਰੋਧ ਕਰ ਰਹੇ ਹਨ। ਇਨ੍ਹਾਂ ਪਾਰਲੀਮੈਂਟ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਨਾਲ ਟੈਕਸ ਦੇਣ ਵਾਲਿਆਂ ਦੇ ਪੈਸਿਆਂ ਦੀ ਬਰਬਾਦੀ ਹੋਵੇਗੀ। ਇਸ ਮੁੱਦੇ ਤੋਂ ਸੱਤਾਧਾਰੀ ਰਿਪਬਲਿਕਨ ਪਾਰਟੀ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰਾਂ ਦੀ ਪਾਰਲੀਮੈਂਟ ਵਿੱਚ ਸਹਿਮਤੀ ਨਾ ਬਣਨ ਕਾਰਨ ਅਮਰੀਕਾ ਵਿੱਚ ਪਿਛਲੀ 22 ਦਸੰਬਰ ਤੋਂ ਅੰਸ਼ਿਕ ਸ਼ੱਟਡਾਊਨ ਦੀ ਸਥਿਤੀ ਲਗਾਤਾਰ ਜਾਰੀ ਹੈ। ਇਹ ਅੜਿੱਕਾ ਦੂਰ ਕਰਨ ਲਈ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਬੀਤੇ ਸ਼ੁੱਕਰਵਾਰ ਨੂੰ ਡੈਮੋਕਰੇਟਿਕ ਪਾਰਟੀ ਦੇ ਸੀਨੀਅਰ ਪਾਰਲੀਮੈਂਟ ਮੈਂਬਰਾਂ ਨਾਲ ਇੱਕ ਬੈਠਕ ਕੀਤੀ, ਪਰ 90 ਮਿੰਟ ਲੰਮੀ ਬੈਠਕ ਬੇਨਤੀਜਾ ਸਾਬਤ ਹੋਈ ਸੀ। ਇਸ ਪਿੱਛੋਂ ਡੋਨਾਲਡ ਟਰੰਪ ਨੇ ਪੱਤਰਕਾਰਾਂ ਨੂੰ ਕਹਿ ਦਿੱਤਾ ਕਿ ਉਹ ਪਾਰਲੀਮੈਂਟ ਦੀ ਮਨਜ਼ੂਰੀ ਬਿਨਾਂ ਮੈਕਸੀਕੋ ਸਰਹੱਦ ਉੱਤੇ ਦੀਵਾਰ ਬਣਾਉਣ ਲਈ ਨੈਸ਼ਨਲ ਐਮਰਜੈਂਸੀ ਵੀ ਲਾਗੂ ਕਰ ਸਕਦੇ ਹਨ। ਉਨ੍ਹਾਂ ਕਿਹਾ, 'ਅਸੀਂ ਦੇਸ਼ ਦੀ ਸੁਰੱਖਿਆ ਲਈ ਨੈਸ਼ਨਲ ਐਮਰਜੈਂਸੀ ਲਾਗੂ ਕਰ ਸਕਦੇ ਹਾਂ। ਕੰਮ ਕਰਨ ਦਾ ਦੂਸਰਾ ਰਸਤਾ ਇਹ ਹੀ ਬਚਦਾ ਹੈ। ਅਸੀਂ ਗੱਲਬਾਤ ਨਾਲ ਵੀ ਇਹ ਕੰਮ ਕਰ ਸਕਦੇ ਹਾਂ।'

ਡੈਮੋਕਰੇਟਿਕ ਪਾਰਲੀਮੈਂਟ ਮੈਂਬਰਾਂ ਨੂੰ ਧਮਕੀ ਦੇਣ ਬਾਰੇ ਬਾਅਦ ਵਿੱਚ ਪੁੱਛੇ ਜਾਣ ਉੱਤੇ ਡੋਨਾਲਡ ਟਰੰਪ ਨੇ ਕਿਹਾ, 'ਮੈਂ ਕਿਸੇ ਨੂੰ ਕਦੀ ਕੋਈ ਧਮਕੀ ਨਹੀਂ ਦਿੱਤੀ।'

## ਬ੍ਰਿਟੇਨ ਵਿੱਚ ਨਾਜਾਇਜ਼ ਪ੍ਰਵਾਸੀਆਂ ਦਾ ਦਾਖਲਾ ਰੋਕਣ ਲਈ ਨੇਵੀ ਵਿਸ਼ੇਸ਼ ਜਹਾਜ਼ ਤਾਇਨਾਤ ਕਰੇਗੀ



ਲੰਡਨ, 5 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ 'ਤੇ ਸ਼ਿਕੰਜਾ ਕੱਸਣ ਲਈ ਸਰਕਾਰ ਨੇ ਆਪਣੀ ਸਮੁੰਦਰੀ ਫੌਜ ਦੇ ਐਚ ਐਮ ਐਸ ਮਰਸੀ ਪੈਟਰੋਲਿੰਗ ਜਹਾਜ਼ ਨੂੰ 'ਸਟ੍ਰੇਟ ਆਫ ਡੋਵਰ' ਵਿੱਚ ਤਾਇਨਾਤ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਦਾ ਉਦੇਸ਼ ਫਰਾਂਸ ਤੋਂ ਇੰਗਲਿਸ਼ ਚੈਨਲ ਰਾਹੀਂ ਬ੍ਰਿਟੇਨ ਵਿੱਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਰੋਕਣਾ ਹੈ, ਜਿਨ੍ਹਾਂ ਦੀ ਗਿਣਤੀ ਵਧੀ ਜਾ ਰਹੀ ਹੈ।

ਇਸ ਸੰਬੰਧ ਵਿੱਚ ਬ੍ਰਿਟੇਨ ਦੇ ਰੱਖਿਆ ਮੰਤਰੀ ਗੈਵਿਨ ਵਿਲੀਅਮਸਨ ਨੇ ਬਿਆਨ ਜਾਰੀ ਕਰਕੇ ਇਸ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਐਚ ਐਮ ਐਸ ਮਰਸੀ ਪੈਟਰੋਲਿੰਗ ਜਹਾਜ਼ ਨੂੰ 'ਸਟ੍ਰੇਟ ਆਫ ਡੋਵਰ' ਵਿੱਚ ਲਾਇਆ ਜਾਵੇਗਾ ਤਾਂ ਜੋ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਬ੍ਰਿਟੇਨ ਬਾਰਡਰ ਫੋਰਸ ਅਤੇ ਫਰਾਂਸ ਦੇ ਅਧਿਕਾਰੀਆਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਇਸ ਕੰਮ 'ਚ ਜੁਟ ਜਾਣ ਨੂੰ ਕਿਹਾ ਗਿਆ ਹੈ। ਵਿਲੀਅਮਸਨ ਦਾ ਇਹ ਬਿਆਨ ਗ੍ਰਹਿ ਮੰਤਰੀ ਸਾਜਿਦ ਜਾਵਿਦ ਵੱਲੋਂ ਇੰਗਲਿਸ਼ ਚੈਨਲ ਪ੍ਰਵਾਸੀ ਸੰਕਟ ਦੇ ਹੱਲ ਲਈ ਸਮਰਥਨ ਦੀ ਅਪੀਲ ਤੋਂ ਬਾਅਦ ਆਇਆ ਹੈ। ਜਾਵਿਦ ਨੇ ਫਰਾਂਸ ਦੇ ਗ੍ਰਹਿ ਮੰਤਰੀ ਕ੍ਰਿਸਟੋਫਰ ਕਾਸਟੇਨਰ ਦੇ ਨਾਲ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਮੁੱਦੇ 'ਤੇ ਸਾਂਝੇ ਤੌਰ 'ਤੇ ਹੱਲ ਕਰਨ 'ਤੇ ਸਹਿਮਤੀ ਜ਼ਾਹਰ ਕੀਤੀ ਸੀ। ਹਰ ਸਾਲ ਫਰਾਂਸ ਦੇ ਕੈਲਿਸ ਇਲਾਕੇ 'ਚ ਵੱਡੀ ਗਿਣਤੀ 'ਚ ਲੋਕ ਇੰਗਲਿਸ਼ ਚੈਨਲ ਦੇ ਸਹਾਰੇ ਬ੍ਰਿਟੇਨ 'ਚ ਦਾਖਲ ਹੁੰਦੇ ਹਨ, ਜਿਥੇ ਉਨ੍ਹਾਂ ਲਈ ਅਸਥਾਈ ਕੈਂਪ ਬਣਿਆ ਹੋਇਆ ਹੈ। ਨਵੰਬਰ ਤੋਂ ਹੁਣ ਤੱਕ 239 ਪ੍ਰਵਾਸੀ ਚੈਨਲ ਰਾਹੀਂ ਬ੍ਰਿਟੇਨ 'ਚ ਦਾਖਲ ਹੋ ਚੁੱਕੇ ਹਨ।

## ਵਕੀਲ ਨੇ ਧੋਖੇ ਨਾਲ ਪੰਜਾਬੀ ਮੁਟਿਆਰ ਦਾ ਤਲਾਕ ਕਰਵਾ ਦਿੱਤਾ



ਸਿਡਨੀ, 6 ਜਨਵਰੀ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਪਹੁੰਚੀ ਹੋਈ ਇੱਕ ਪੰਜਾਬੀ ਮੁਟਿਆਰ ਦਾ ਅਰਜ਼ੀ ਦਿੱਤੇ ਬਿਨਾਂ ਹੀ ਆਪਣੇ ਪਤੀ ਨਾਲ ਤਲਾਕ ਹੋ ਗਿਆ। ਇੱਕ ਪੰਜਾਬੀ ਵਕੀਲ ਨੇ ਖੁਦ ਨੂੰ ਉਸ ਦਾ ਵਕੀਲ ਦੱਸ ਕੇ ਤਲਾਕ ਕਰਵਾ ਦਿੱਤਾ। ਕੁੜੀ ਦਾ ਦਾਅਵਾ ਹੈ ਕਿ ਉਹ ਕਦੇ ਕਿਸੇ ਵਕੀਲ ਨੂੰ ਨਹੀਂ ਮਿਲੀ, ਤਲਾਕ ਦੀ ਅਰਜ਼ੀ ਅਤੇ ਦਸਤਖਤ ਅਤੇ ਫੀਸ ਵੀ ਅਦਾ ਨਹੀਂ ਕੀਤੀ। ਉਸ ਨੂੰ ਤਲਾਕਨਾਮਾ ਅਸਮਾਨੋਂ ਡਿੱਗੀ ਬਿਜਲੀ ਵਾਂਗ ਲੱਗਾ ਹੈ।

ਇਸ ਬਾਰੇ ਪੀੜਤ ਲੜਕੀ ਨੂੰ ਕਾਨੂੰਨੀ ਢੰਗ ਰਾਹੀਂ ਪਤਾ ਲੱਗਾ ਕਿ ਉਸ ਦਾ ਤਲਾਕ ਕਦੋਂ, ਕਿੱਥੇ ਤੇ ਕਿਵੇਂ ਹੋਇਆ ਹੈ। ਵਕੀਲ ਵੱਲੋਂ ਗਵਾਹੀ ਵਜੋਂ ਵਿਆਹੁਤਾ ਦੇ ਤਲਾਕ ਕਾਗਜ਼ਾਂ ਉਤੇ ਜੋ ਦਸਤਖਤ ਦਿਖਾਏ ਗਏ, ਉਸ ਨੂੰ ਹੈਂਡਰਾਈਟਿੰਗ ਐਂਡ ਫਿੰਗਰਪ੍ਰਿੰਟ ਮਾਹਰ ਨੇ ਜਾਅਲੀ ਦੱਸਿਆ ਹੈ। ਪੀੜਤ ਨੇ ਵਕੀਲ ਵਿਰੁੱਧ ਲੀਗਲ ਸਰਵਿਸਿਜ਼ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਹੈ। ਇਸ ਕੰਮ ਵਿੱਚ ਪੀੜਤਾ ਨੇ ਆਪਣੇ ਪਤੀ ਤੇ ਵਕੀਲ ਦੀ ਮਿਲੀਭੁਗਤ ਦੱਸੀ ਤੇ ਦੋਵਾਂ ਨੂੰ ਸਜ਼ਾ ਦੇਣ ਦੀ ਅਪੀਲ ਕੀਤੀ ਹੈ। ਇਸ ਲੜਕੀ ਨੇ ਆਪਣੇ ਜੀਵਨ ਨਾਲ ਇਸ ਖਿਲਵਾੜ ਵਿਰੁੱਧ ਆਸਟਰੇਲੀਆ ਤੇ ਪੰਜਾਬ ਪੁਲਸ ਕੋਲ ਪਹੁੰਚ ਕੀਤੀ ਹੈ। ਆਸਟਰੇਲੀਅਨ ਇਮੀਗਰੇਸ਼ਨ ਨੇ ਪੀੜਤਾ ਨੂੰ ਪ੍ਰੋਟੈਕਸ਼ਨ ਵੀਜ਼ਾ ਦੇ ਦਿੱਤਾ ਹੈ। ਪੀੜਤ ਲੜਕੀ ਨੇ ਦੱਸਿਆ ਕਿ ਮੁਹਾਲੀ ਦੇ ਨੌਜਵਾਨ ਨੇ ਖੁਦ ਨੂੰ ਬੀ ਟੈਕ ਅਤੇ ਮਕੈਨੀਕਲ ਇੰਜੀਨੀਅਰ ਦੱਸ ਕੇ ਅਤੇ ਉਸ ਕੋਲ ਆਸਟਰੇਲੀਆ ਦਾ ਪੱਕਾ ਵੀਜ਼ੇ ਦੀ ਗੱਲ ਕਹਿ ਕੇ ਉਸ ਨਾਲ ਵਿਆਹ ਕਰਾਇਆ ਸੀ ਤੇ ਲੁਧਿਆਣਾ ਵਿੱਚ 24 ਮਾਰਚ 2011 ਨੂੰ ਵਿਆਹ ਮੌਕੇ ਉਸ ਦੇ ਪਰਵਾਰ ਨੇ ਕਰੀਬ 30 ਲੱਖ ਰੁਪਏ ਨਾਲ ਲੜਕੇ ਪਰਵਾਰ ਦੀ ਮੰਗ ਪੂਰੀ ਕੀਤੀ ਸੀ। ਲੜਕੇ ਨੇ ਅਗਸਤ ਵਿੱਚ ਉਸ ਨੂੰ ਪਤਨੀ ਵਜੋਂ ਸਪਾਂਸਰਸ਼ਿਪ ਭੇਜ ਕੇ ਆਸਟਰੇਲੀਆ ਸੱਦਿਆ ਤੇ ਏਥੇ ਆ ਕੇ ਲੜਕੇ ਦਾ ਪੱਕਾ ਨਾ ਹੋਣਾ ਕਲੇਸ਼ ਦਾ ਕਾਰਨ ਬਣਿਆ। ਆਸਟਰੇਲੀਆ ਵਿੱਚ ਕਾਰੋਬਾਰ ਖੋਲ੍ਹ ਕੇ ਪੱਕੇ ਹੋਣ ਲਈ 24 ਲੱਖ ਰੁਪਏ ਹੋਰ ਮੰਗੇ। ਇਨਕਾਰ ਕਰਨ ਉੱਤੇ ਉਸ ਨੇ ਆਪਣੀ ਪਤਨੀ ਨੂੰ ਪ੍ਰੇਸ਼ਾਨ ਕਰਨਾ ਤੇ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਇੱਕ ਰਾਤ ਘਰੋਂ ਕੱਢ ਦਿੱਤਾ। ਉਹ ਮਦਦ ਲਈ ਆਪਣੀ ਸਹੇਲੀ ਕੋਲ ਗਈ ਤਾਂ ਮਗਰੋਂ ਉਸ ਦੇ ਪਤੀ ਨੇ ਘਰ ਬਦਲ ਲਿਆ।

## ਅਮਰੀਕਾ ਦੇ ਬਾਅਦ ਚੀਨ ਨੇ ਵੀ 'ਮਦਰ ਆਫ ਆਲ ਬੰਬਸ' ਬਣਾ ਲਿਆ



ਬੀਜਿੰਗ, 4 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ 'ਮਦਰ ਆਫ ਆਲ ਬੰਬਸ' ਅਤੇ ਰੂਸ ਦੇ 'ਫਾਦਰ ਆਫ ਆਲ ਬੰਬਸ' ਬਣਾਉਣ ਦੇ ਦਾਅਵੇ ਪਿੱਛੋਂ ਚੀਨ ਨੇ ਵੀ 'ਮਦਰ ਆਫ ਆਲ ਬੰਬਸ' ਬਣਾਉਣ ਦਾ ਦਾਅਵਾ ਕੀਤਾ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਚੀਨ ਦਾ ਦਾਅਵਾ ਹੈ ਕਿ ਉਸ ਦਾ ਤਿਆਰ ਕੀਤਾ ਸਭ ਤੋਂ ਤਾਕਤਵਰ ਗੈਰ-ਐਟਮੀ ਬੰਬ 'ਮਦਰ ਆਫ ਆਲ ਬੰਬਸ' ਅਮਰੀਕਾ ਦੇ 'ਮਦਰ ਆਫ ਆਲ ਬੰਬਸ' ਦਾ ਜਵਾਬ ਹੈ। ਇਕ ਅੰਗਰੇਜ਼ੀ ਅਖਬਾਰ ਦੇ ਮੁਤਾਬਕ ਐਡੀਸ਼ਨ ਵਜੋਂ ਬਣਾਏ ਗਏ ਇਸ ਬੰਬ ਦੀ ਮਾਰੂ ਸਮਰੱਥਾ ਕਾਰਨ ਇਸ ਨੂੰ 'ਮਦਰ ਆਫ ਆਲ ਬੰਬਸ' ਦਾ ਨਾਂ ਦਿੱਤਾ ਗਿਆ ਹੈ। ਚੀਨ ਦਾ ਦਾਅਵਾ ਹੈ ਕਿ ਇਹ ਐਟਮੀ ਹਥਿਆਰਾਂ ਦੇ ਬਾਅਦ ਦੂਜਾ ਸਭ ਤੋਂ ਮਾਰੂ ਹਥਿਆਰ ਹੈ ਤੇ ਇਸ ਨਾਲ ਹੋਣ ਵਾਲੀ ਤਬਾਹੀ ਲੱਗਭਗ ਐਟਮ ਬੰਬ ਜਿੰਨੀ ਹੋਵੇਗੀ। ਇਸ ਖਤਰਨਾਕ ਬੰਬ ਨੂੰ ੍ਹ-6ਖ ਜਹਾਜ਼ ਨਾਲ ਸੁੱਟਿਆ ਗਿਆ ਤਾਂ ਵੱਡਾ ਧਮਾਕਾ ਹੋਇਆ। ਚੀਨ ਨੇ ਨਾਰਥ ਇੰਡਸਟਰੀਜ਼ ਗਰੁੱਪ ਕਾਰਪੋਰੇਸ਼ਨ ਲਿਮੀਟਿਡ ਦੀ ਵੈਬਸਾਈਟ ਉੱਤੇ ਦਸੰਬਰ ਦੇ ਅਖੀਰ ਵਿਚ ਇਕ ਵੀਡੀਓ ਜਾਰੀ ਕਰਕੇ ਇਸ ਦੀ ਸੂਚਨਾ ਦਿੱਤੀ ਸੀ।

ਇਸ ਬਾਰੇ ਚੀਨ ਦੀ ਸਰਕਾਰੀ ਸਮਾਚਾਰ ਏਜੰਸੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਜਨਤਕ ਰੂਪ ਵਿਚ ਕਿਸੇ ਨਵੇਂ ਬੰਬ ਦੀਆਂ ਮਾਰੂ ਸ਼ਕਤੀਆਂ ਨੂੰ ਦਿਖਾਇਆ ਗਿਆ ਹੈ। ਵਰਨਣ ਯੋਗ ਹੈ ਕਿ ਅਫਗਾਨਿਸਤਾਨ ਵਿਚ ਅਮਰੀਕਾ ਨੇ ਤਾਲਿਬਾਨ ਦੇ ਵਿਰੁੱਧ ਪਹਿਲੀ ਵਾਰ ਸੰਸਾਰ ਦੇ ਸਭ ਤੋਂ ਤਾਕਤਵਰ ਗੈਰ-ਐਟਮੀ ਬੰਬ ਘਭੂ-43 ਦੀ ਵਰਤੋਂ ਕੀਤੀ ਸੀ, ਜਿਸ ਨੂੰ 'ਮਦਰ ਆਫ ਆਲ ਬੰਬਸ' ਕਿਹਾ ਗਿਆ ਸੀ। ਇਹ ਏਨਾ ਖਤਰਨਾਕ ਸੀ ਕਿ ਇਸ ਨੂੰ ਸੁੱਟਣ ਉੱਤੇ ਸਵਾ 3 ਕਿਲੋਮੀਟਰ ਘੇਰੇ ਵਿਚ ਆਉਂਦੀ ਹਰ ਚੀਜ਼ ਤਬਾਹ ਹੋ ਸਕਦੀ ਹੈ। ਅਮਰੀਕਾ ਦੇ ਬਾਅਦ ਰੂਸ ਨੇ ਵੀ ਦੁਨੀਆ ਦੇ ਸਭ ਤੋਂ ਤਾਕਤਵਰ ਗੈਰ-ਐਟਮੀ ਬੰਬ ਬਣਾਉਣ ਦਾ ਦਾਅਵਾ ਕੀਤਾ ਤੇ ਉਸ ਨੂੰ 'ਫਾਦਰ ਆਫ ਆਲ ਬੰਬਸ' ਨਾਂ ਦਿੱਤਾ ਸੀ। ਰੂਸ ਦਾ ਦਾਅਵਾ ਸੀ ਕਿ ਇਹ ਬੰਬ ਅਮਰੀਕਾ ਦੇ 'ਮਦਰ ਆਫ ਆਲ ਬੰਬਸ' ਤੋਂ ਕਰੀਬ 4 ਗੁਣਾ ਵੱਧ ਖਤਰਨਾਕ ਹੈ। ਚੀਨ ਦਾ ਬਣਾਇਆ ਇਹ ਬੰਬ ਅਮਰੀਕੀ ਬੰਬ ਦੇ ਮੁਕਾਬਲੇ ਆਕਾਰ ਵਿਚ ਛੋਟਾ ਅਤੇ ਹਲਕਾ ਹੈ। ਇਸ ਦੀ ਲੰਬਾਈ 5 ਤੋਂ 6 ਮੀਟਰ ਦੱਸੀ ਗਈ ਹੈ।

## ਲਾਸ ਏਂਜਲਸ ਨੇੜੇ ਗੋਲੀਬਾਰੀ ਵਿੱਚ ਤਿੰਨ ਮੌਤਾਂ, ਚਾਰ ਜ਼ਖਮੀ



ਵਾਸ਼ਿੰਗਟਨ, 6 ਜਨਵਰੀ (ਪੋਸਟ ਬਿਊਰੋ)- ਬੀਤੇ ਦਿਨ ਕੈਲੀਫੋਰਨੀਆ 'ਚ ਪੁਲਸ ਨੇ ਦੱਸਿਆ ਕਿ ਲਾਸ ਏਂਜਲਸ ਨੇੜੇ ਹੋਈ ਗੋਲੀਬਾਰੀ ਵਿੱਚ ਤਿੰਨ ਜਣਿਆਂ ਦੀ ਮੌਤ ਹੋ ਗਈ ਤੇ ਚਾਰ ਗੰਭੀਰ ਜ਼ਖਮੀ ਹੋ ਗਏ।

ਅਮਰੀਕਾ ਦੇ ਸਿਹਤ ਵਿਭਾਗ ਮੁਤਾਬਕ ਸਾਲ 2017 ਵਿੱਚ ਫਾਇਰਿੰਗ ਦੀਆਂ ਘਟਨਾਵਾਂ ਵਿੱਚ ਕਰੀਬ 40,000 ਲੋਕਾਂ ਦੀ ਜਾਨ ਗਈ ਹੈ। ਇਨ੍ਹਾਂ ਵਿੱਚ ਖੁਦਕੁਸ਼ੀ ਦੀਆਂ ਘਟਨਾਵਾਂ ਵੀ ਸ਼ਾਮਲ ਹਨ। ਟੋਰੈਂਸ_ਲਸ ਦੇ ਸਾਰਜੈਂਟ ਰੋਨਾਲਡ ਹੈਰਿਸ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਗੈਂਬਲ ਹਾਊਸ ਬਾਊਲ 'ਚ ਗੋਲੀਬਾਰੀ ਦੀ ਇਸ ਘਟਨਾ ਵਿੱਚ ਤਿੰਨ ਲੋਕਾਂ ਦੀ ਮੌਕੇ ਉਤੇ ਮੌਤ ਹੋ ਗਈ ਤੇ ਚਾਰ ਹੋਰਨਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ। ਚਸ਼ਮਦੀਦਾਂ ਨੇ ਲਾਸ ਏਂਜਲਸ ਟਾਈਮਜ਼ ਨੂੰ ਖੇਡ ਕੰਪਲੈਕਸ 'ਚ ਲੜਾਈ-ਝਗੜੇ ਦੀ ਗੱਲ ਦੱਸੀ ਹੈ।

## 14 ਸਾਲ ਤੋਂ ਕੋਮਾ ਵਿੱਚ ਪਈ ਮਹਿਲਾ ਨੇ ਬੱਚੇ ਨੂੰ ਜਨਮ ਦਿੱਤਾ

ਫੀਨਿਕਸ, 6 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਐਰੀਜ਼ੋਨਾ ਦੇ ਹੇਸਿੰਡਾ ਹੈਲਥ ਕੇਅਰ ਵਿੱਚ 14 ਸਾਲ ਤੋਂ ਕੋਮਾ ਵਿੱਚ ਪਈ ਮਹਿਲਾ ਨੇ 29 ਦਸੰਬਰ ਨੂੰ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ ਹੈ। ਇਸ ਦੇ ਬਾਅਦ ਹਸਪਤਾਲ ਵਿੱਚ ਮਹਿਲਾ ਨਾਲ ਬਲਾਤਕਾਰ ਦੀ ਜਾਂਚ ਸ਼ੁਰੂ ਕੀਤੀ ਗਈ ਹੈ।

ਪਤਾ ਲੱਗਾ ਹੈ ਕਿ ਇਸ ਬੱਚੇ ਦੇ ਜਨਮ ਤੱਕ ਹਸਪਤਾਲ ਦੇ ਕਿਸੇ ਵੀ ਡਾਕਟਰ ਨੂੰ ਮਹਿਲਾ ਦੇ ਗਰਭਵਤੀ ਹੋਣ ਦੀ ਜਾਣਕਾਰੀ ਨਹੀਂ ਸੀ। ਡਾਕਟਰਾਂ ਨੇ ਦੱਸਿਆ ਕਿ ਮਹਿਲਾ ਪਿਛਲੇ 14 ਸਾਲ ਤੋਂ ਹੈਲਥ ਕੇਅਰ ਸੈਂਟਰ ਵਿੱਚ ਹੈ। ਪਾਣੀ ਵਿੱਚ ਡੁੱਬਣ ਕਾਰਨ ਉਸ ਦਾ ਬ੍ਰੇਨ ਡੈਮੇਜ ਹੋ ਗਿਆ ਹੈ। ਹਾਲਾਤ ਇਹ ਹਨ ਕਿ ਉਸ ਨੂੰ 24 ਘੰਟੇ ਦੇਖਭਾਲ ਦੀ ਲੋੜ ਹੈ। ਸਟਾਫ ਉੱਤੇ ਉਠਦੇ ਯੌਨ ਸ਼ੋਸ਼ਣ ਦੇ ਸਵਾਲਾਂ ਕਾਰਨ ਹੈਲਥ ਕੇਅਰ ਸੈਂਟਰ ਦੇ ਨਿਯਮਾਂ ਵਿੱਚ ਬਦਲਾਅ ਕਰ ਦਿੱਤੇ ਗਏ ਹਨ। ਇਹ ਨਿਯਮ ਐਰੀਜ਼ੋਨਾ ਡਿਪਾਰਟਮੈਂਟ ਆਫ ਹੈਲਥ ਸਰਵਿਸਿਜ਼ ਨੇ ਲਾਗੂ ਕਰਵਾਏ ਹਨ।

## ਭਾਰਤੀ ਮੂਲ ਦੇ ਪੁਲਸ ਅਫਸਰ ਦੇ ਕਤਲ ਪਿੱਛੋਂ ਸਿਆਸੀ ਸ਼ਰਣ ਦੇ ਕਾਨੂੰਨਾਂ ਉੱਤੇ ਬਹਿਸ ਛਿੜੀ

ਕੈਲੀਫੋਰਨੀਆ, 6 ਜਨਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੇ ਪੁਲਸ ਅਫਸਰ ਰੋਨਿਲ ਸਿੰਘ (33) ਦੀ ਡਿਊਟੀ ਉੱਤੇ ਹੋਈ ਹੱਤਿਆ ਦੇ ਕੇਸ ਵਿੱਚ ਗੈਰ ਕਾਨੂੰਨੀ ਤੌਰ ਉੱਤੇ ਅਮਰੀਕਾ ਰਹਿੰਦੇ ਵਿਅਕਤੀ ਦੀ ਗ੍ਰਿਫਤਾਰੀ ਨਾਲ ਅਮਰੀਕਾ ਦੇ ਸ਼ਰਨ ਲੈਣ ਦੇ ਕਾਨੂੰਨਾਂ ਉੱਤੇ ਬਹਿਸ ਛਿੜ ਪਈ। ਆਲੋਚਕਾਂ ਨੇ ਅਜਿਹੇ ਕਤਲਾਂ ਲਈ ਅਮਰੀਕਾ ਦੀ ਇਮੀਗਰੇਸ਼ਨ ਨੀਤੀ ਨੂੰ ਦੋਸ਼ੀ ਠਹਿਰਾਇਆ ਹੈ। ਰੋਨਿਲ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਗੁਸਤਵਾ ਪਰੇਜ਼ ਆਰੀਆਗਾ ਜਦੋਂ ਫੜਿਆ ਗਿਆ ਸੀ, ਉਦੋਂ ਉਹ ਮੈਕਸੀਕੋ ਦੌੜ ਜਾਣ ਦੇ ਯਤਨ ਵਿੱਚ ਸੀ।

ਇਸ ਕੇਸ ਦੀ ਜਾਂਚ ਕਰ ਰਹੇ ਸ਼ੈਰਿਫ ਐਡਮ ਕ੍ਰਿਸਆਨਸਨ ਨੇ ਕੈਲੀਫੋਰਨੀਆ ਦੇ ਸ਼ਰਨ ਕਾਨੂੰਨਾਂ ਨੂੰ ਜ਼ਿੰਮੇਵਾਰ ਦੱਸ ਕੇ ਕਿਹਾ ਕਿ ਇਹ ਕਾਨੂੰਨ ਦੋਸ਼ੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦੀ ਸਿਫਾਰਸ਼ ਕਰਨ ਤੋਂ ਰੋਕਦੇ ਹਨ। ਇਹ ਇੱਕ ਭਖਦਾ ਮੁੱਦਾ ਹੈ ਜਿਸ 'ਤੇ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੈਰਿਫ ਨੇ ਅਪਰਾਧੀਆਂ ਨਾਲ ਨਜਿੱਠਣ ਲਈ ਸਖਤ ਕਾਨੂੰਨਾਂ ਦੀ ਮੰਗ ਕੀਤੀ।

## ਰੋਹਿੰਗਿਆ ਸ਼ਰਨਾਰਥੀਆਂ ਨੂੰ ਮੋੜਨ ਉਤੇ ਯੂ ਐਨ ਓ ਨੇ ਭਾਰਤ ਸਰਕਾਰ ਤੋਂ ਜਵਾਬ ਮੰਗਿਆ



ਯੂ ਐੱਨ ਓ, 6 ਜਨਵਰੀ (ਪੋਸਟ ਬਿਊਰੋ)- ਭਾਰਤ ਵੱਲੋਂ ਰੋਹਿੰਗਿਆ ਮੁਸਲਮਾਨਾਂ ਦੇ ਇੱਕ ਗਰੁੱਪ ਨੂੰ ਮਿਆਂਮਾਰ ਵਾਪਸ ਮੋੜੇ ਜਾਣ ਦਾ ਯੂ ਐੱਨ ਓ ਦੀ ਸ਼ਰਨਾਰਥੀਆਂ ਬਾਰੇ ਏਜੰਸੀ (ਯੂ ਐੱਨ ਐੱਚ ਸੀ ਆਰ) ਨੇ ਨੋਟਿਸ ਲਿਆ ਹੈ। ਇਸ ਫੈਸਲੇ 'ਤੇ ਨਾਰਾਜ਼ਗੀ ਜਤਾਉਂਦਿਆਂ ਏਜੰਸੀ ਨੇ ਭਾਰਤੀ ਅਥਾਰਟੀ ਦੀ ਜਵਾਬ ਤਲਬੀ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਏਜੰਸੀ ਨੇ ਪੁੱਛਿਆ ਹੈ ਕਿ ਸ਼ਰਨਾਰਥੀਆਂ ਨੂੰ ਵਾਪਸ ਮੋੜੇ ਜਾਣ ਲਈ ਜ਼ਿੰਮੇਵਾਰ ਸਥਿਤੀਆਂ ਬਾਰੇ ਦੱਸਿਆ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ ਸ਼ਰਨ ਮੰਗਣ ਵਾਲਿਆਂ ਦੀਆਂ ਅਰਜ਼ੀਆਂ ਸਵੀਕਾਰ ਕਿਉਂ ਨਹੀਂ ਕੀਤੀਆਂ ਗਈਆਂ। ਯੂ ਐੱਨ ਐੱਚ ਸੀ ਆਰ ਦੇ ਹਾਈ ਕਮਿਸ਼ਨਰ ਨੇ ਕੱਲ੍ਹ ਕਿਹਾ ਕਿ ਭਾਰਤ ਨੇ ਰੋਹਿੰਗਿਆ ਸ਼ਰਨਾਰਥੀਆਂ ਦੇ ਇੱਕ ਪਰਵਾਰ ਨੂੰ ਵਾਪਸ ਮੋੜ ਦਿੱਤਾ ਅਤੇ ਇਹ ਪਿਛਲੇ ਤਿੰਨ ਮਹੀਨਿਆਂ ਵਿੱਚ ਅਜਿਹੀ ਦੂਜੀ ਘਟਨਾ ਹੈ। ਸੈਕਟਰੀ ਜਨਰਲ ਦੇ ਡਿਪਟੀ ਬੁਲਾਰੇ ਫਰਹਾਨ ਹੱਕ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਰਖਾਈਨ ਰਾਜ ਤੋਂ ਆਇਆ ਇਹ ਪਰਵਾਰ ਯੂ ਐੱਨ ਏਜੰਸੀ ਕੋਲ ਰਜਿਸਟਰਡ ਸੀ ਤੇ ਇਨ੍ਹਾਂ ਨੂੰ ਆਸਾਮ ਵਿੱਚ ਨਜ਼ਰਬੰਦ ਰੱਖਣ ਤੋਂ ਬਾਅਦ ਵੀਰਵਾਰ ਵਾਪਸ ਭੇਜ ਦਿੱਤਾ ਗਿਆ ਹੈ। ਉਹ ਉਥੇ 2013 ਤੋਂ ਭਾਰਤ ਵਿੱਚ ਨਾਜਾਇਜ਼ ਦਾਖਲੇ ਦੀ ਸਜ਼ਾ ਕੱਟ ਰਹੇ ਸਨ। ਏਜੰਸੀ ਨੇ ਕਿਹਾ ਕਿ ਭਾਰਤੀ ਅਥਾਰਟੀਆਂ ਨਾਲ ਕਈ ਵਾਰ ਇਸ ਬਾਰੇ ਸੰਪਰਕ ਕੀਤਾ ਗਿਆ, ਪਰ ਕੋਈ ਢੁਕਵਾਂ ਜਵਾਬ ਨਹੀਂ ਆਇਆ। ਏਜੰਸੀ ਨੇ ਕਿਹਾ ਕਿ ਮਿਆਂਮਾਰ ਵਿੱਚ ਰੋਹਿੰਗਿਆ ਮੁਸਲਮਾਨਾਂ ਲਈ ਮਾਹੌਲ ਸਾਜ਼ਗਾਰ ਨਹੀਂ ਹੈ।

Honesty, Reliability, Commitment
HomeLife SilverCity Realty Inc. Brokerage
"Open House Until Sold"
○ 1 yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/Disability/Funeral Insurance

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Chevron Delo
Special OIL CHANGE Rates
Brake & Drum - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਕੌਰਵ ਤਾਂ ਟੈਸਟ ਟਿਊਬ ਬੇਬੀ ਸਨ ਤੇ ਰਾਵਣ ਦੇ ਕੋਲ 24 ਕਿਸਮਾਂ ਦੇ ਜਹਾਜ਼ ਹੁੰਦੇ ਸਨ: ਰਾਓ



ਜਲੰਧਰ, 6 ਜਨਵਰੀ (ਪੋਸਟ ਬਿਊਰੋ)- ਮਹਾਂਭਾਰਤ ਦੇ ਸਮੇਂ ਧ੍ਰਿਤਰਾਸ਼ਟਰ ਦੇ ਘਰ ਸੌ ਕੌਰਵ ਪੁੱਤਰਾਂ ਦਾ ਜਨਮ ਸਟੈਮ ਸੈਲ ਤੇ ਟੈਸਟ ਟਿਊਬ ਤਕਨੀਕ ਨਾਲ ਹੋਇਆ ਸੀ। ਪ੍ਰਾਚੀਨ ਭਾਰਤ ਵਿੱਚ ਹਜ਼ਾਰਾਂ ਸਾਲ ਪਹਿਲਾਂ ਗਾਈਡਿਡ ਮਿਸਾਈਲਾਂ ਦੀ ਤਕਨੀਕ ਹੁੰਦੀ ਸੀ। ਇਹ ਅਜੀਬੋ ਗਰੀਬ ਦਾਅਵੇ ਕੱਲ੍ਹ ਜਲੰਧਰ ਵਿੱਚ ਇੰਡੀਅਨ ਸਾਇੰਸ ਕਾਂਗਰਸ ਵਿੱਚ ਆਂਧਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਾਗੇਸ਼ਵਰ ਰਾਓ ਨੇ ਕੀਤੇ ਹਨ।

ਨਾਗੇਸ਼ਵਰ ਰਾਓ ਨੇ ਦਾਅਵਾ ਕੀਤਾ ਕਿ ਭਗਵਾਨ ਵਿਸ਼ਨੂ ਦੇ ਦਸ ਅਵਤਾਰ (ਦਸ਼ਾਵਤਾਰ) ਮਹਾਨ ਵਿਗਿਆਨੀ ਚਾਰਲਸ ਡਾਰਵਿਨ ਦੇ ਵਿਕਾਸ ਦੇ ਸਿਧਾਂਤ ਦੀ ਭਵਿੱਖਬਾਣੀ ਕਰਦੇ ਹਨ। ਕੱਲ੍ਹ ਇਕ ਪ੍ਰੈਜੇਂਟੇਸ਼ਨ ਵਿੱਚ ਰਾਓ ਨੇ ਕਿਹਾ ਕਿ ਭਗਵਾਨ ਰਾਮ ਨੇ 'ਅਸਤਰ' ਅਤੇ 'ਸ਼ਾਸਤਰ' ਦੀ ਵਰਤੋਂ ਕੀਤਾ ਅਤੇ ਭਗਵਾਨ ਵਿਸ਼ਨੂ ਦੇ ਟੀਚੇ ਦਾ ਪਿੱਛਾ ਕਰਨ ਲਈ ਇਕ ਸੁਦਰਸ਼ਨ ਚੱਕਰ ਭੇਜਿਆ, ਜੋ ਮਾਰਨ ਦੇ ਬਾਅਦ ਵਾਪਸ ਆ ਜਾਂਦਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਗਾਈਡਿਡ ਮਿਸਾਈਲ ਦੀ ਤਕਨੀਕ ਭਾਰਤ ਲਈ ਨਵੀਂ ਨਹੀਂ, ਇਹ ਹਜ਼ਾਰਾਂ ਸਾਲ ਪਹਿਲਾ ਮੌਜੂਦ ਸੀ। ਰਾਓ ਨੇ ਇਹ ਵੀ ਕਿਹਾ ਕਿ ਰਾਮਾਇਣ ਵਿੱਚ ਕਿਹਾ ਗਿਆ ਹੈ ਕਿ ਰਾਵਣ ਦੇ ਕੋਲ ਸਿਰਫ ਪੁਸ਼ਪਕ ਜਹਾਜ਼ ਨਹੀਂ, ਵੱਖ-ਵੱਖ ਆਕਾਰ ਅਤੇ ਸਮਰੱਥਾ ਵਾਲੇ 24 ਕਿਸਮਾਂ ਦੇ ਜਹਾਜ਼ ਸਨ ਅਤੇ ਉਨ੍ਹਾਂ ਕੋਲ ਲੰਕਾ ਵਿੱਚ ਕਈ ਹਵਾਈ ਅੱਡੇ ਵੀ ਸਨ ਅਤੇ ਉਸ ਨੇ ਉਦੇਸ਼ਾਂ ਲਈ ਇਨ੍ਹਾਂ ਜਹਾਜਾਂ ਦੀ ਵਰਤੋਂ ਕੀਤੀ ਸੀ। ਰਾਓ ਨੇ ਕਿਹਾ ਕਿ ਜਿਵੇਂ ਡਾਰਵਿਨ ਨੇ ਕਿਹਾ ਕਿ ਜੀਵਨ ਪਾਣੀ ਤੋਂ ਸ਼ੁਰੂ ਹੋਇਆ ਸੀ, ਭਗਵਾਨ ਵਿਸ਼ਨੂ ਦਾ ਪਹਿਲਾ ਅਵਤਾਰ ਵੀ ਇਕ ਮੱਛੀ (ਮਤੱਸਯ) ਸੀ। ਦੂਸਰੇ ਅਵਤਾਰ ਲਈ ਉਨ੍ਹਾਂ ਨੇ ਕੱਛੂ-ਕੁੰਮਾ (ਕੂਰਮ) ਦੇ ਰਾਹੀਂ ਜਾਨਵਰ ਦਾ ਆਕਾਰ ਲਿਆ। ਤੀਸਰਾ ਅਵਤਾਰ ਇਕ ਸੂਰ ਦੇ ਸਿਰ ਤੇ ਇਕ ਮਨੁੱਖੀ ਸਰੀਰ (ਵਰਾਹ) ਵਾਲਾ ਸੀ। ਚੌਥਾ ਅਵਤਾਰ ਸ਼ੇਰ ਅਤੇ ਮਨੁੱਖੀ ਸਰੀਰ ਦੇ ਸਿਰ ਦੇ ਨਾਲ ਨਰਸਿੰਘ ਅਵਤਾਰ ਸੀ। ਉਨ੍ਹਾਂ ਨੇ ਪੰਜਵੇਂ ਅਵਤਾਰ ਵਿੱਚ ਵਾਮਨ ਦਾ ਮਨੁੱਖ ਰੂਪ ਧਾਰਨ ਕੀਤਾ। ਜਦੋਂ ਨਾਗੇਸ਼ਵਰ ਰਾਓ ਤੋਂ ਪੁੱਛਿਆ ਗਿਆ ਕਿ ਕੌਰਵਾਂ ਦੀ ਮਾਂ ਗਾਂਧਾਰੀ 100 ਬੱਚਿਆਂ ਨੂੰ ਕਿਵੇਂ ਜਨਮ ਦੇ ਸਕਦੀ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਹਰ ਕੋਈ ਸੋਚਦਾ ਹੈ ਅਤੇ ਕੋਈ ਵਿਸ਼ਵਾਸ ਨਹੀਂ ਕਰਦਾ, ਪਰ ਮਹਾਭਾਰਤ ਦੇ ਅਨੁਸਾਰ 100 ਅੰਡਿਆਂ ਨੂੰ ਜੰਤਰ ਵਿੱਚ ਲਾਇਆ ਗਿਆ ਤੇ ਉੱਨ ਦੇ 100 ਬਰਤਨਾਂ ਵਿੱਚ ਪਾਇਆ ਗਿਆ ਸੀ, ਕੀ ਇਹ ਟੈਸਟ ਟਿਊਬ ਬੱਚੇ ਨਹੀਂ ਸਨ?

# ਰਾਮਗੜ੍ਹ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਦੋਸ਼ੀ ਮੌਕੇ ਤੋਂ ਫੜ੍ਹਿਆ ਗਿਆ

ਚਮਕੌਰ ਸਾਹਿਬ, 6 ਜਨਵਰੀ (ਪੋਸਟ ਬਿਊਰੋ)- ਚਮਕੌਰ ਸਾਹਿਬ-ਮੋਰਿੰਡਾ ਸੜਕ ਦੇ ਪਿੰਡ ਰਾਮਗੜ੍ਹ (ਨੇੜੇ ਲੁਠੇੜੀ) ਵਿੱਚ ਇਕ ਨੌਜਵਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪਾਲਕੀ ਸਾਹਿਬ ਦੀ ਭੰਨਤੋੜ ਕੀਤੀ ਹੈ।

ਪੁਲਸ ਚੌਕੀ ਲੁਠੇੜੀ ਦੇ ਇੰਚਾਰਜ ਸ਼ਿੰਦਰਪਾਲ ਸਿੰਘ ਨੇ ਦੱਸਿਆ ਕਿ ਪਿੰਡ ਰਾਮਗੜ੍ਹ ਦੇ ਵੱਡੇ ਗੁਰਦੁਆਰੇ ਵਿੱਚ ਬਰਜੀਤ ਸਿੰਘ (35) ਕੱਲ੍ਹ ਕਰੀਬ ਇਕ ਵਜੇ ਦਾਖਲ ਹੋਇਆ। ਉਸ ਨੇ ਮੱਥਾ ਟੇਕ ਕੇ ਉਚੀ-ਉਚੀ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਏ ਅਤੇ ਗੁਰੂ ਗ੍ਰੰਥ ਸਾਹਿਬ ਉੱਤੇ ਬੈਠ ਗਿਆ। ਉਸੇ ਸਮੇਂ ਪਿੰਡ ਦਾ ਮਲਕੀਤ ਸਿੰਘ ਗੁਰਦੁਆਰੇ ਮੱਥਾ ਟੇਕਣ ਲਈ ਆਇਆ ਤਾਂ ਉਸ ਨੇ ਦੋਸ਼ੀ ਨੂੰ ਅਜਿਹਾ ਕਰਦਿਆਂ ਵੇਖ ਲਿਆ। ਜਦੋਂ ਉਹ ਬਲਜੀਤ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਉਠਾਉਣ ਲੱਗਾ ਤਾਂ ਦੋਸ਼ੀ ਦੇ ਪੈਰਾਂ ਨਾਲ ਗੁਰੂ ਗ੍ਰੰਥ ਸਾਹਿਬ ਦਾ ਇੱਕ ਪੰਨਾ ਦੋ ਥਾਵਾਂ ਤੋਂ ਫਟ ਗਿਆ। ਚੌਕੀ ਇੰਚਾਰਜ ਨੇ ਦੱਸਿਆ ਕਿ ਦੋਸ਼ੀ ਨੇ ਪਾਲਕੀ ਸਾਹਿਬ ਦੀ ਭੰਨਤੋੜ ਕੀਤੀ ਅਤੇ ਫਰਾਰ ਹੋ ਗਿਆ। ਇਸ ਘਟਨਾ ਸਥਾਨ ਦਾ ਜਾਇਜ਼ਾ ਲੈਣ ਲਈ ਪੁੱਜੇ ਥਾਣਾ ਮੁਖੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਮਲਕੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਬਲਜੀਤ ਸਿੰਘ ਖਿਲਾਫ ਧਾਰਾ 295 ਏ, ਆਈ ਪੀ ਸੀ ਦਾ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਦੋ ਕਰੋੜ ਦੀ ਇਨਾਮੀ ਰਾਸ਼ੀ ਦਾ ਐਲਾਨ ਜੁਮਲਾ ਤਾਂ ਨਹੀਂ ਸੀ: ਮਨੂ ਭਾਕਰ



ਨਵੀਂ ਦਿੱਲੀ, 6 ਜਨਵਰੀ (ਪੋਸਟ ਬਿਊਰੋ)- ਮਨੂ ਭਾਕਰ ਨੇ ਕੱਲ੍ਹ ਹਰਿਆਣਾ ਦੇ ਖੇਡ ਮੰਤਰੀ ਅਨਿਲ ਵਿਜ ਨੂੰ ਦੋ ਕਰੋੜ ਦੀ ਨਕਦ ਇਨਾਮੀ ਰਾਸ਼ੀ ਬਾਰੇ ਯਾਦ ਕਰਵਾਇਆ ਹੈ, ਜਿਸ ਦਾ ਐਲਾਨ ਇਸ ਨਿਸ਼ਾਨੇਬਾਜ਼ ਵੱਲੋਂ ਯੂਥ ਓਲੰਪਿਕ ਵਿੱਚ ਸੋਨ ਤਮਗਾ ਜਿੱਤਣ ਤੋਂ ਬਾਅਦ ਕੀਤਾ ਗਿਆ ਸੀ, ਪਰ ਅਜੇ ਤੱਕ ਉਸ ਨੂੰ ਇਹ ਨਹੀਂ ਮਿਲੀ।

16 ਸਾਲਾ ਮਨੂ ਭਾਕਰ ਨੇ ਮੰਤਰੀ ਅਨਿਲ ਵਿਜ ਦੇ ਟਵੀਟ ਦਾ ਸਕਰੀਨਸ਼ਾਟ ਪੋਸਟ ਕੀਤਾ ਹੈ, ਜਿਸ ਵਿੱਚ ਉਸ ਨੇ ਸੂਬਾ ਸਰਕਾਰ ਵੱਲੋਂ ਦੋ ਕਰੋੜ ਰੁਪਏ ਦੇ ਨਕਦ ਇਨਾਮ ਦਾ ਵਾਅਦਾ ਕੀਤਾ ਸੀ। ਮਨੂ ਨੇ ਟਵਿਟਰ ਉਤੇ ਲਿਖਿਆ, "ਸਰ, ਕ੍ਰਿਪਾ ਕਰਕੇ ਇਸ ਦੀ ਪੁਸ਼ਟੀ ਕਰੋ ਕਿ ਇਹ ਸਹੀ ਹੈ ਜਾਂ ਫਿਰ ਸਿਰਫ 'ਜੁਮਲਾ' ਹੀ ਸੀ।" ਮਨੂ ਜਦੋਂ ਓਲੰਪਿਕ 'ਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਬਣੀ ਤਾਂ ਮੰਤਰੀ ਅਨਿਲ ਵਿਜ ਨੇ ਇਹ ਟਵੀਟ ਕੀਤਾ ਸੀ, 'ਮਨੂ ਭਾਕਰ ਨੂੰ ਯੂਥ ਓਲੰਪਿਕ ਵਿੱਚ ਨਿਸ਼ਾਨੇਬਾਜ਼ੀ ਦਾ ਸੋਨ ਤਮਗਾ ਜਿੱਤਣ ਉੱਤੇ ਵਧਾਈ।' ਮੰਤਰੀ ਨੇ ਕਿਹਾ ਸੀ ਕਿ ਉਸ ਨੂੰ ਦੋ ਕਰੋੜ ਰੁਪਏ ਦਾ ਨਕਦ ਇਨਾਮ ਦੇਵੇਗੀ। ਇਸ ਦੇ ਬਾਅਦ ਇਹ ਫਰਜ਼ ਭੁਲਾ ਦਿੱਤਾ ਗਿਆ ਸੀ।

# ਪਿਤਾ ਨੇ ਸਮਾਰਟ ਫੋਨ ਲੈ ਕੇ ਨਹੀਂ ਦਿੱਤਾ, ਧੀ ਵੱਲੋਂ ਖੁਦਕੁਸ਼ੀ

ਕੋਲਕਾਤਾ, 6 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਵਿਚ 11ਵੀਂ ਜਮਾਤ ਵਿੱਚ ਪੜ੍ਹਦੀ ਲੜਕੀ ਨੇ ਆਪਣੇ ਸਕੂਲ ਦੀ ਇਮਾਰਤ ਦੀ ਚੌਥੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਲੜਕੀ ਨੇ ਇਹ ਕਦਮ ਇਸ ਲਈ ਚੁੱਕਿਆ ਕਿ ਉਸ ਦੇ ਬਾਪ ਨੇ ਉਸ ਨੂੰ ਸਮਾਰਟ ਫੋਨ ਲੈ ਕੇ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਪੁਲਸ ਸੂਤਰਾਂ ਅਨੁਸਾਰ 17 ਸਾਲਾ ਇਸ ਲੜਕੀ ਨੇ ਬਾਅਦ ਦੁਪਹਿਰ ਤਿੰਨ ਵਜੇ ਦੇ ਕਰੀਬ ਸਕੂਲ ਬੰਦ ਹੋਣ 'ਤੇ ਛੱਤ ਤੋਂ ਛਾਲ ਮਾਰੀ ਤੇ ਸਕੂਲ ਦੇ ਬਾਹਰ ਫੁੱਟਪਾਥ ਉਤੇ ਡਿੱਗ ਪਈ ਸੀ। ਜਦੋਂ ਲੋਕਾਂ ਨੇ ਉਸ ਨੂੰ ਡਿਗਦਿਆਂ ਦੇਖਿਆ ਤਾਂ ਉਨ੍ਹਾਂ ਨੇ ਰੌਲਾ ਪਾ ਕੇ ਸਕੂਲ ਵਾਲਿਆਂ ਨੂੰ ਦੱਸਿਆ ਤੇ ਫੌਰਨ ਹਸਪਤਾਲ ਚੁੱਕ ਕੇ ਲੈ ਗਏਮ ਜਿੱਥੇ ਉਸ ਦੀ ਮੌਤ ਹੋ ਗਈ। ਇਸ ਲੜਕੀ ਨੂੰ ਗੰਭੀਰ ਜ਼ਖਮੀ ਹਾਲਤ ਵਿੱਚ ਮੈਡੀਕਲ ਕਾਲਜ ਹਸਪਤਾਲ ਲਿਆਂਦਾ ਗਿਆ ਸੀ। ਲੜਕੀ ਦੇ ਮਾਪਿਆਂ ਨੇ ਦੱਸਿਆ ਕਿ ਉਸ ਨੇ ਸਮਾਰਟ ਫੋਨ ਮੰਗਿਆ ਸੀ ਅਤੇ ਫੋਨ ਲੈ ਕੇ ਦੇਣ ਤੋਂ ਨਾਂਹ ਕਰਨ 'ਤੇ ਉਸ ਨੇ ਪਰਵਾਰ ਦੇ ਮੈਂਬਰਾਂ ਨਾਲ ਬੋਲਚਾਲ ਬੰਦ ਕਰ ਦਿੱਤੀ ਅਤੇ ਗੁੰਮ-ਸੁੰਮ ਰਹਿਣ ਲੱਗ ਪਈ ਸੀ।

# ਸਮੂਹਿਕ ਖੁਦਕੁਸ਼ੀ ਕੇਸ ਵਿੱਚ ਏ ਐਸ ਆਈ ਵੱਲੋਂ ਗਵਾਹੀ

ਅੰਮ੍ਰਿਤਸਰ, 6 ਜਨਵਰੀ (ਪੋਸਟ ਬਿਊਰੋ)- ਸਾਲ 2003 ਵਿੱਚ ਇਸ ਮਹਾਂਨਗਰ ਦੇ ਚੌਕ ਮੋਨੀ ਖੇਤਰ ਦੇ ਇਕ ਪਰਵਾਰ ਦੇ ਪੰਜ ਮੈਂਬਰਾਂ ਵੱਲੋਂ ਖੁਦਕੁਸ਼ੀ ਕਰਨ ਦੇ ਕੇਸ ਵਿੱਚ ਏ ਐਸ ਆਈ ਕੰਵਲਜੀਤ ਸਿੰਘ ਨੇ ਜ਼ਿਲਾ ਸੈਸ਼ਨ ਜੱਜ ਸਰਬਜੀਤ ਸਿੰਘ ਬਾਜਵਾ ਦੀ ਅਦਾਲਤ ਵਿੱਚ ਗਵਾਹੀ ਦਰਜ ਕਰਵਾਈ ਹੈ। ਇਸ ਏ ਐਸ ਆਈ ਨੇ ਘਟਨਾ ਵਾਲੇ ਦਿਨ ਮੌਕਾ-ਵਾਰਦਾਤ 'ਤੇ ਖੁਦਕੁਸ਼ੀ ਮਾਮਲੇ ਦੇ ਦਸਤਾਵੇਜ਼ ਤਿਆਰ ਕੀਤੇ ਸਨ।

ਮਿਲੀ ਜਾਣਕਾਰੀ ਮੁਤਾਬਕ ਚੌਕ ਮੋਨੀ ਦੇ ਹਰਦੀਪ ਸਿੰਘ ਨੇ ਆਪਣੇ ਦੋ ਬੱਚਿਆਂ ਇਸ਼ਮੀਤ, ਇਮਰਤ, ਪਤਨੀ ਰੋਮੀ ਅਤੇ ਮਾਂ ਜਸਵੰਤ ਕੌਰ ਦੇ ਨਾਲ ਖੁਦਕੁਸ਼ੀ ਕਰ ਲਈ ਤੇ ਘਰ ਦੀਆਂ ਕੰਧਾਂ ਉਤੇ ਖੁਦਕੁਸ਼ੀ ਨੋਟ ਲਿਖਿਆ ਸੀ, ਜਿਸ ਵਿੱਚ ਘਟਨਾ ਲਈ ਜ਼ਿੰਮੇਵਾਰ ਓਦੋਂ ਦੇ ਐਸ ਐਸ ਪੀ ਅਤੇ ਸੇਵਾਮੁਕਤ ਡੀ ਆਈ ਜੀ ਕੁਲਤਾਰ ਸਿੰਘ ਨੂੰ ਆਖਿਆ ਸੀ। ਇਸ ਘਟਨਾ ਦਾ ਪਤਾ ਚੱਲਦੇ ਸਾਰ ਕੋਤਵਾਲੀ ਦੇ ਓਦੋਂ ਦੇ ਥਾਣਾ ਇੰਚਾਰਜ ਹਰਦੇਵ ਸਿੰਘ ਨੇ ਹਰਦੀਪ ਸਿੰਘ ਦੇ ਘਰ ਜਾ ਕੇ ਖੁਦਕੁਸ਼ੀ ਨੋਟ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸੇ ਵਕਤ ਪੱਤਰਕਾਰ ਅਤੇ ਇਲਾਕੇ ਦੇ ਲੋਕ ਘਟਨਾ ਸਥਾਨ 'ਤੇ ਪੁੱਜ ਗਏ। ਇਸ ਕੇਸ ਵਿੱਚ ਪੁਲਸ ਨੇ ਕੋਈ ਕੇਸ ਵੀ ਨਹੀਂ ਦਰਜ ਕੀਤਾ ਸੀ। ਮਨੁੱਖੀ ਅਧਿਕਾਰ ਵਰਕਰ ਸਰਬਜੀਤ ਸਿੰਘ ਵੇਰਕਾ ਦੀਆਂ ਕੋਸ਼ਿਸ਼ਾਂ ਨਾਲ ਕੇਸ ਦੁਬਾਰਾ ਖੋਲ੍ਹਿਆ ਗਿਆ ਤਾਂ ਜਾਂਚ ਵਿੱਚ ਸਾਹਮਣੇ ਆਇਆ ਕਿ ਐਸ ਐਸ ਪੀ ਕੁਲਤਾਰ ਸਿੰਘ ਨੇ ਹਰਦੀਪ ਸਿੰਘ ਦੀ ਪਤਨੀ ਨਾਲ ਬਲਾਤਕਾਰ ਕੀਤਾ ਸੀ ਅਤੇ ਉਹ ਵਾਰ-ਵਾਰ ਉਸ ਨੂੰ ਬਲੈਕਮੇਲ ਵੀ ਕਰ ਰਿਹਾ ਸੀ। ਉਸ ਘਟਨਾ ਤੋਂ ਪਹਿਲਾਂ ਹਰਦੀਪ ਦੇ ਹੱਥੋਂ ਆਪਣੇ ਪਿਤਾ ਦਾ ਕਤਲ ਹੋ ਗਿਆ ਸੀ ਅਤੇ ਹਰਦੀਪ ਨੂੰ ਉਸ ਦੇ ਰਿਸ਼ਤੇਦਾਰ ਬਲੈਕਮੇਲ ਕਰ ਰਹੇ ਸਨ। ਕਿਸੇ ਨੇ ਹਰਦੀਪ ਦੀ ਮੁਲਾਕਾਤ ਐਸ ਐਸ ਪੀ ਕੁਲਤਾਰ ਸਿੰਘ ਨਾਲ ਕਰਵਾਈ ਸੀ ਤਾਂ ਕਿ ਉਹ ਰਿਸ਼ਤੇਦਾਰਾਂ ਦੀ ਬਲੈਕਮੇਲਿੰਗ ਤੋਂ ਛੁੱਟ ਸਕੇ। ਦੋਸ਼ ਹੈ ਕਿ ਐਸ ਐਸ ਪੀ ਨੇ ਪਹਿਲਾਂ ਹਰਦੀਪ ਦੀ ਪਤਨੀ ਉਤੇ ਬੁਰੀ ਨਜ਼ਰ ਰੱਖੀ ਅਤੇ ਫਿਰ ਉਸ ਨੂੰ ਬਲੈਕਮੇਲ ਕਰਨ ਲੱਗ ਪਿਆ ਸੀ।

# ਗੁੱਸੇ ਵਿੱਚ ਪੁੱਤਰ ਨੇ ਹੀ ਕੀਤਾ ਸੀ ਪਿਉ ਦਾ ਕਤਲ

ਕਰਤਾਰਪੁਰ, 6 ਜਨਵਰੀ (ਪੋਸਟ ਬਿਊਰੋ)- ਬੀਤੀ 22 ਦਸੰਬਰ ਦੀ ਰਾਤ ਨੂੰ ਇਲਾਕੇ ਦੇ ਪਿੰਡ ਧੀਰਪੁਰ ਦੇ ਬਜ਼ੁਰਗ ਨੂੰ ਜਾਨੋਂ ਮਾਰਨ ਦੀ ਘਟਨਾ ਨੂੰ ਟਰੇਸ ਕਰ ਕੇ ਕੱਲ੍ਹ ਪੁਲਸ ਨੇ ਬਜ਼ੁਰਗ ਦੇ ਪੁੱਤਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਬਾਰੇ ਪ੍ਰੈਸ ਕਾਨਫਰੰਸ ਵਿੱਚ ਐਸ ਪੀ ਇਨਵੈਸਟੀਗੇਸ਼ਨ ਬਲਕਾਰ ਸਿੰਘ ਨੇ ਦੱਸਿਆ ਕਿ ਕੇਸ ਦੇ ਮੁੱਖ ਦੋਸ਼ੀ ਰਣਜੀਤ ਸਿੰਘ ਨੂੰ ਧੀਰਪੁਰ ਮੱਲੀਆਂ ਰੋਡ ਤੋਂ ਗ੍ਰਿਫਤਾਰ ਕਰ ਲਿਆ ਸੀ। ਰਣਜੀਤ ਸਿੰਘ ਵੱਲੋਂ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਗਿਆ ਕਿ ਕੁਝ ਅਣਪਛਾਤਿਆਂ ਨੇ ਘਰ ਜਬਰੀ ਦਾਖਲ ਹੋ ਕੇ ਮੇਰੀ ਮਾਤਾ ਅਤੇ ਮੈਨੂੰ ਘਰ ਦੇ ਇਕ ਕਮਰੇ ਵਿੱਚ ਬੰਦੀ ਬਣਾ ਕੇ ਰੱਖਿਆ। ਉਨ੍ਹਾਂ ਨੇ ਸੁੱਤੇ ਪਏ ਦਲਜੀਤ ਸਿੰਘ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਮਾਰ ਦਿੱਤਾ ਅਤੇ ਕਾਤਲ ਸਵੇਰੇ ਕਰੀਬ ਪੌਣੇ ਤਿੰਨ ਵਜੇ ਘਰੋਂ ਗਏ। ਉਨ੍ਹਾਂ ਦੇ ਜਾਣ ਪਿੱਛੋਂ ਰੌਲਾ ਪਾਉਣ 'ਤੇ ਆਸ ਪਾਸ ਦੇ ਲੋਕ ਇਕੱਠੇ ਹੋਏ ਅਤੇ ਪੁਲਸ ਨੂੰ ਸੂਚਿਤ ਕੀਤਾ ਸੀ।

# ਲੋਕਪਾਲ ਨਿਯੁਕਤੀ ਦੀ ਮੱਠੀ ਚਾਲ ਉਤੇ ਸੁਪਰੀਮ ਕੋਰਟ ਵਲੋਂ ਫਿਰ ਸਰਕਾਰ ਤਲਬ

ਨਵੀਂ ਦਿੱਲੀ, 6 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਲੋਕਪਾਲ ਨਿਯੁਕਤੀ ਦੀ ਧੀਮੀ ਪ੍ਰਕਿਰਿਆ ਉੱਤੇ ਤਸੱਲੀ ਨਾ ਕਰਦੇ ਹੋਏ ਕੇਂਦਰ ਸਰਕਾਰ ਤੋਂ ਐਫੀਡੇਵਿਟ ਪੇਸ਼ ਕਰਕੇ ਇਸ ਬਾਰੇ ਚੁੱਕੇ ਕਦਮਾਂ ਦਾ ਵੇਰਵਾ ਮੰਗਿਆ ਹੈ। ਕੋਰਟ ਨੇ ਇਸ ਕੇਸ ਦੀ ਅਗਲੀ ਸੁਣਵਾਈ ਲਈ 17 ਜਨਵਰੀ ਦੀ ਤਰੀਕ ਤੈਅ ਕਰਦੇ ਹੋਏ ਕੇਂਦਰ ਸਰਕਾਰ ਨੂੰ ਦੋ ਹਫਤਿਆਂ ਵਿੱਚ ਹਲਫਨਾਮਾ ਦਾਖਲ ਕਰਨ ਦਾ ਹੁਕਮ ਦਿੱਤਾ ਹੈ। ਕੱਲ੍ਹ ਚੀਫ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਸੰਜੈ ਕਿਸ਼ਨ ਕੌਲ ਦੀ ਬੈਂਚ ਨੇ ਲੋਕਪਾਲ ਨਿਯੁਕਤੀ ਦੇ ਮਾਮਲੇ ਵਿੱਚ ਗੈਰ ਸਰਕਾਰੀ ਸੰਗਠਨ ਕਾਮਨ ਕਾਜ ਵੱਲੋਂ ਦਾਖਲ ਮਾਣਹਾਨੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਆਪਣੇ ਹੁਕਮ ਵਿੱਚ ਕਿਹਾ ਹੈ ਕਿ ਇਸ ਮਾਮਲੇ ਉੱਤੇ ਪਿਛਲੀ ਸੁਣਵਾਈ 24 ਜੁਲਾਈ ਨੂੰ ਹੋਈ ਸੀ। ਉਨ੍ਹਾਂ ਨੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੂੰ ਬੇਨਤੀ ਕੀਤੀ ਕਿ ਉਹ ਸਮਰੱਥ ਅਥਾਰਿਟੀ ਦੇ ਰਾਹੀਂ ਐਫੀਡੇਵਿਟ ਪੇਸ਼ ਕਰਨ ਕਿ ਅੱਜ ਦੀ ਤਰੀਕ ਤੱਕ ਇਸ ਕੇਸ ਵਿੱਚ ਕੀ ਕਦਮ ਚੁੱਕੇ ਗਏ ਹਨ। ਇਸ ਤੋਂ ਪਹਿਲਾ ਸੁਣਵਾਈ ਦੌਰਾਨ ਮਾਮਲੇ ਵਿੱਚ ਹੋਈ ਪ੍ਰਗਤੀ ਦਾ ਬਿਊਰਾ ਦਿੰਦੇ ਹੋਏ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਕਿਹਾ ਕਿ ਉਦੋਂ ਤੋਂ ਮਾਮਲੇ ਵਿੱਚ ਕਾਫੀ ਪ੍ਰਗਤੀ ਹੋਈ ਹੈ। ਕੋਰਟ ਨੇ ਪੁੱਛਿਆ ਕਿ ਕੀ ਪ੍ਰਗਤੀ ਹੋਈ ਹੈ। ਇਸ ਉੱਤੇ ਅਟਾਰਨੀ ਜਨਰਲ ਨੇ ਕਿਹਾ ਕਿ ਸਰਚ ਕਮੇਟੀ ਗਠਿਤ ਹੋਈ ਹੈ। ਬੈਂਚ ਨੇ ਕਿਹਾ ਕਿ ਉਹ ਤਾਂ ਸਤੰਬਰ ਵਿੱਚ ਹੀ ਗਠਿਤ ਹੋ ਗਈ ਸੀ। ਅਟਾਰਨੀ ਜਨਰਲ ਨੇ ਇਕ ਨੋਟ ਪੇਸ਼ ਕਰਕੇ ਅੱਜ ਤੱਕ ਹੋਈ ਪ੍ਰਗਤੀ ਦਾ ਬਿਊਰਾ ਦੇਣ ਦੀ ਗੱਲ ਕਹੀ, ਜਿਸ ਉੱਤੇ ਅਦਾਲਤ ਨੇ ਮਨਾ ਕਰ ਦਿੱਤਾ ਤੇ ਕਿਹਾ ਕਿ ਉਹ ਐਫੀਡੇਵਿਟ ਪੇਸ਼ ਕਰਕੇ ਸਾਰਾ ਬਿਊਰਾ ਕੋਰਟ ਦੇ ਸਾਹਮਣੇ ਰੱਖ ਕੇ ਦੱਸਣ ਕਿ ਉਦੋਂ ਤੋਂ ਅੱਜ ਤੱਕ ਕੀ ਹੋਇਆ ਹੈ। ਕੇਸ ਦੀ ਸੁਣਵਾਈ 17 ਜਨਵਰੀ ਤੱਕ ਲਈ ਟਾਲ ਦਿੱਤੀ।


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ



• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648


RC TOURS Specially designed to save Your Travel Expenses
Complete World Wide Travel
For Online Booking Visit www.rctours.ca
Manjit Batra
manjit.rctours@gmail.com
647.766.3929/647.490.4650
3459 Sheppard Ave. East, Suite 207
Scarborough, ON M1T 3K5

PUNJABI RANG RADIO



CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

RESIDENTIAL - COMMERCIAL
PROPERTY - INDUSTRIAL



KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work



7290 Major Mackenzie Drive Kleinberg, Ont. L0J 1C0

A/Z DRIVERS/OWNER OPERATORS NEEDED FOR LOCAL & USA
Earn upto $21 to $32/hr
• USA owner operators 0.95 cent/mile + Fuel
• USA company drivers 0.60 cent/ mile
• Canada owner Operators 0.85 cent/mile + Fuel
• Canada company Drivers 0.50 cent.mile
Skylark Logistics Inc.



Sam Mann: 416-617-2405
Mr. Kyla: 519-821-7999 ext.222

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।



ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

# ਅਸਫਲਤਾ ਬਹੁਤ ਕੁਝ ਸਿਖਾਉਂਦੀ ਹੈ : ਤਾਪਸੀ ਪਨੂੰ



ਸਟਾਰ ਕਿਡਸ ਦੀ ਭੀੜ 'ਚ ਆਊਟਸਾਈਡਰ ਤਾਪਸੀ ਪਨੂੰ ਨੇ ਆਪਣਾ ਇੱਕ ਨਾਂਅ ਬਣਾ ਲਿਆ ਹੈ, ਪਰ ਇਸ ਦੇ ਬਾਵਜੂਦ ਉਨ੍ਹਾਂ ਦਾ ਕਹਿਣਾ ਹੈ ਕਿ ਸੰਘਰਸ਼ ਖਤਮ ਨਹੀਂ ਹੋਇਆ। ਉਹ ਅਜੇ ਵੀ ਫਿਲਮਾਂ ਲਈ ਸਟਰੱਗਲ ਕਰਦੀ ਹੈ। ਕਦੇ ਵਜ੍ਹਾ ਨੈਪੋਟਿਜ਼ਮ ਬਣਦਾ ਹੈ, ਤਾਂ ਕਦੇ ਫੇਵਰਿਟਿਜ਼ਮ। ਪੇਸ਼ ਹਨ ਤਾਪਸੀ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :

* ਤੁਸੀਂ ਅੱਜ ਤੱਕ ਦੇ ਕਰੀਅਰ ਤੋਂ ਕਿਹੋ ਜਿਹਾ ਮਹਿਸੂਸ ਕਰਦੇ ਹੋ?

– ਅਜੇ ਮੈਂ ਉਸ ਸਥਿਤੀ 'ਚ ਹਾਂ, ਜਿੱਥੇ ਮੈਨੂੰ ਹੀ ਨਹੀਂ ਪਤਾ ਕਿ ਮੈਂ ਕੀ ਮਹਿਸੂਸ ਕਰਾਂ। ਚੰਗਾ ਮਹਿਸੂਸ ਕਰਾਂ ਜਾਂ ਦਬਾਅ ਮਹਿਸੂਸ ਕਰਾਂ। ਫਿਲਹਾਲ ਕਈ ਫਿਲਮੀ ਪ੍ਰੋਜੈਕਟਾਂ ਨਾਲ ਜੁੜੀ ਹਾਂ, ਪਰ ਇਹ ਨਹੀਂ ਮੰਨਣਾ ਚਾਹੁੰਦੀ ਕਿ ਮੈਂ ਕਰੀਅਰ ਦੀ ਚੋਟੀ 'ਤੇ ਹਾਂ। ਮੈਨੂੰ ਲੱਗਦਾ ਹੈ ਕਿ ਮੇਰਾ ਚੰਗਾ ਸਮਾਂ ਅਜੇ ਆਉਣਾ ਬਾਕੀ ਹੈ।

* ਤੁਹਾਡੀ ਪਿਛਲੀ ਫਿਲਮ 'ਮਨਮਰਜ਼ੀਆਂ' ਤਾਂ ਹਿੱਟ ਰਹੀ ਹੈ?

– ਹਾਂ, ਦਰਅਸਲ 'ਸੂਰਮਾ' ਤੋਂ ਬਾਅਦ 'ਮਨਮਰਜ਼ੀਆਂ' ਵੀ ਹਿੱਟ ਰਹੀ। ਫਿਲਮਕਾਰ ਅਨੁਰਾਗ ਕਸ਼ਯਪ ਤੇ ਆਨੰਦ ਐੱਲ ਰਾਏ ਦੀ ਇਸ ਕਾਮੇਡੀ ਫਿਲਮ ਵਿੱਚ ਮੈਂ ਵੀ ਥੋੜ੍ਹਾ ਬੋਲਡ ਕਿਰਦਾਰ ਕੀਤਾ ਹੈ, ਜੋ ਸਰੀਰ ਤੋਂ ਨਹੀਂ, ਗੱਲਾਂ ਨਾਲ ਬਹੁਤ ਬੋਲਡ ਹੈ। ਮੈਨੂੰ ਖੁਸ਼ੀ ਹੈ ਕਿ ਲੋਕਾਂ ਨੇ ਇਸ ਨੂੰ ਸਵੀਕਾਰ ਕੀਤਾ, ਜੋ ਬਿਲਕੁਲ ਵੱਖਰੀ ਨੇਚਰ ਦੀ ਫਿਲਮ ਸੀ। 'ਸੂਰਮਾ' ਦੀ ਕਹਾਣੀ ਹਾਕੀ ਉੱਤੇ ਸੀ, ਤਾਂ 'ਮਨਮਰਜ਼ੀਆਂ' ਯੂਥ ਦੀ ਫਿਲਮ ਸੀ।

* ਸਪੋਰਟਸਮੈਨ ਹੋਣ ਕਾਰਨ ਨਾਕਾਮੀ ਬਾਰੇ ਤੁਸੀਂ ਕੀ ਸੋਚਦੇ ਹੋ?

– ਇਹੀ ਕਿ ਉਮਰ ਦੇ ਨਾਲ ਤੁਸੀਂ ਸਿੱਖ ਜਾਂਦੇ ਹੋ। ਜ਼ਿੰਦਗੀ 'ਚ ਬਹੁਤ ਸਾਰੀਆਂ ਨਾਕਾਮੀਆਂ ਦੇਖਣ ਨੂੰ ਮਿਲਦੀਆਂ ਹਨ, ਜੋ ਤੁਹਾਨੂੰ ਸਮਝਾਉਂਦੀਆਂ ਹਨ ਕਿ ਨਾਕਾਮੀਆਂ ਨੂੰ ਚੰਗੀ ਤਰ੍ਹਾਂ ਹੈਂਡਲ ਕਰਨਾ ਵੀ ਕਿਸੇ ਜਿੱਤ ਤੋਂ ਘੱਟ ਨਹੀਂ ਤੇ ਮੈਂ ਜਿਸ ਫੀਲਡ 'ਚ ਹਾਂ, ਉਥੇ ਹਰ ਦਿਨ ਰਿਜੈਕਸ਼ਨ ਝੱਲਣ ਨੂੰ ਮਿਲਦਾ ਹੈ। ਕਈ ਸਾਰੀਆਂ ਅਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ, ਜੋ ਅਸੀਂ ਸੁਣਨਾ ਨਹੀਂ ਚਾਹੁੰਦੇ।

* ਤੁਸੀਂ ਫਿਟਨੈੱਸ ਨੂੰ ਕਿੰਨਾ ਜ਼ਰੂਰੀ ਮੰਨਦੇ ਹੋ।

– ਮੈਨੂੰ ਫਿੱਟ ਰਹਿਣ ਦਾ ਸ਼ੌਕ ਹੈ। ਮੈਂ ਖੁਦ ਹੀ ਕੁਝ ਨਾ ਕੁਝ ਨਵਾਂ ਕਰਦੀ ਰਹਿੰਦੀ ਹਾਂ। ਕਦੇ ਬਲੱਡ ਗਰੁੱਪ ਡਾਈਟ ਕਰ ਲੈਂਦੀ ਹਾਂ। ਉਂਝ ਫਿਲਮਾਂ 'ਚ ਮੈਨੂੰ ਕਦੇ ਪਤਲਾ ਹੋਣ ਲਈ ਨਹੀਂ ਕਿਹਾ ਗਿਆ। ਹਮੇਸ਼ਾ ਲੋਕਾਂ ਨੇ ਮੈਨੂੰ ਭਾਰ ਵਧਾਉਣ ਲਈ ਹੀ ਕਿਹਾ। ਤੁਸੀਂ ਜੇ ਅੱਠ ਸਾਲ ਪਹਿਲਾਂ ਦੀ ਮੇਰੀ ਪਹਿਲੀ ਫਿਲਮ ਦੇਖੋ ਤਾਂ ਉਸ 'ਚ ਮੈਂ ਥੋੜ੍ਹੀ ਮੋਟੀ ਲੱਗਦੀ ਹਾਂ ਅਤੇ ਏਨੇ ਸਾਲਾਂ ਵਿੱਚ ਇੱਕ ਤਾਂ ਉਮਰ ਅਤੇ ਦੂਜਾ ਮੈਂ ਆਪਣੀ ਬਾਡੀ ਨਾਲ ਜੋ ਇਸਤੇਮਾਲ ਕੀਤੇ ਹਨ, ਉਸ ਵਜ੍ਹਾ ਨਾਲ ਮੈਂ ਹਰ ਦੋ ਸਾਲਾਂ ਵਿੱਚ ਵੱਖਰੀ ਦਿਸਦੀ ਹਾਂ।

* ਬਾਲੀਵੁੱਡ ਵਿੱਚ ਅੱਜ ਅਭਿਨੇਤਰੀਆਂ ਦੀ ਕੀ ਸਥਿਤੀ ਹੈ?

– ਸੱਚ ਕਹਾਂ ਤਾਂ ਅੱਜ ਬਾਲੀਵੁੱਡ ਵਿੱਚ ਅਭਿਨੇਤਰੀਆਂ ਲਈ ਚੀਜ਼ਾਂ ਕਾਫੀ ਬਿਹਤਰ ਹੋ ਗਈਆਂ ਹਨ। ਫਿਲਮਾਂ ਦੀ ਪਸੰਦ ਬਿਹਤਰ ਹੋ ਗਈ ਹੈ। ਮਹਿਲਾ ਕਿਰਦਾਰਾਂ ਦੀ ਵੰਨ-ਸੁਵੰਨਤਾ ਵੱਧ ਹੈ, ਭਾਵ ਵਾਕਈ ਅਭਿਨੇਤਰੀਆਂ ਲਈ ਚੀਜ਼ਾਂ ਕਾਫੀ ਬਿਹਤਰ ਹੋਈਆਂ ਹਨ।

* ਕੀ ਤੁਸੀਂ ਵੀ ਆਪਣੀ ਸਥਿਤੀ ਵਿੱਚ ਬਦਲਾਅ ਮਹਿਸੂਸ ਕਰਦੇ ਹੋ?

– ਅਸਲੀਅਤ ਇਹ ਹੈ ਕਿ ਮੈਂ ਜਿੱਥੋਂ ਸ਼ੁਰੂ ਕੀਤਾ ਸੀ, ਉਥੋਂ ਇਥੇ ਤੱਕ ਪਹੁੰਚਣਾ ਹੀ ਮੇਰੇ ਲਈ ਵੱਡੀ ਗੱਲ ਹੈ ਕਿਉਂਕਿ ਆਪਣੀ ਜ਼ਿੰਦਗੀ ਵਿੱਚ ਮੈਂ ਕਦੇ ਐਕਟਰ ਬਣਨ ਬਾਰੇ ਨਹੀਂ ਸੋਚਿਆ ਸੀ। ਅੱਠ ਸਾਲ ਤੋਂ ਬਾਅਦ ਇਹ ਵੀ ਨਹੀਂ ਕਹਿ ਸਕਦੀ ਹਾਂ ਕਿ ਮੇਰੇ ਲਈ ਚੀਜ਼ਾਂ ਆਸਾਨ ਹੋ ਗਈਆਂ ਹਨ। ਸੱਚ ਇਹ ਹੈ ਕਿ ਅੱਜ ਵੀ ਫਿਲਮਾਂ ਲਈ ਸੰਘਰਸ਼ ਹੁੰਦਾ ਹੈ।

# ਇਮੇਜ ਵਿੱਚ ਨਹੀਂ ਬੱਝਣਾ ਚਾਹੁੰਦਾ ਇਮਰਾਨ ਹਾਸ਼ਮੀ



ਇੱਕੋ ਤਰ੍ਹਾਂ ਦੀ ਇਮੇਜ ਵਿੱਚ ਬੱਝਣਾ ਠੀਕ ਨਹੀਂ, ਸ਼ਾਇਦ ਇਸ ਲਈ ਇਮਰਾਨ ਖਾਨ ਵੱਖ-ਵੱਖ ਤਰ੍ਹਾਂ ਦੀਆਂ ਕਹਾਣੀਆਂ ਵਾਲੀਆਂ ਫਿਲਮਾਂ ਕਰ ਰਿਹਾ ਹੈ। ਜ਼ਿਕਰ ਯੋਗ ਹੈ ਕਿ ਲਗਾਤਾਰ ਰੋਮਾਂਟਿਕ ਫਿਲਮਾਂ ਕਰਨ ਅਤੇ ਕਿਸਿੰਗ ਸੀਨ ਦੇਣ ਕਾਰਨ ਉਸ ਦੇ ਕਰੀਅਰ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ, ਕਿਉਂਕਿ ਉਸ ਨੂੰ ਨਿਰਮ-ਾਤਾ-ਨਿਰਦੇਸ਼ਕਾਂ ਵੱਲੋਂ ਕਈ ਤਰ੍ਹਾਂ ਦੀਆਂ ਚੰਗੀਆਂ ਫਿਲਮਾਂ ਦੇ ਆਫਰ ਆਉਣੇ ਬੰਦ ਜਿਹੇ ਹੋ ਗਏ ਸਨ। ਕੁਝ ਸਮੇਂ ਤੋਂ ਉਸ ਨੇ ਆਪਣਾ ਰਾਹ ਬਦਲ ਲਿਆ ਹੈ ਤੇ ਅੱਜ ਕੱਲ੍ਹ ਬਹੁਤੀਆਂ ਫਿਲਮਾਂ ਕਰਨ ਦੀ ਥਾਂ ਉਹ ਘੱਟ, ਪਰ ਪਸੰਦ ਆਉਣ ਵਾਲੀਆਂ ਵੱਖ ਵੱਖ ਤਰ੍ਹਾਂ ਦੀਆਂ ਕਹਾਣੀਆਂ ਵਾਲੀਆਂ ਫਿਲਮਾਂ ਨੂੰ ਪਹਿਲ ਦੇ ਰਿਹਾ ਹੈ। ਉਸ ਦੀ ਅਗਲੀ ਫਿਲਮ 'ਚੀਟ ਇੰਡੀਆ' ਵੀ ਅਜਿਹੀ ਹੀ ਫਿਲਮ ਹੈ ਜਿਸ ਵਿੱਚ ਮੁੱਖ ਭੂਮਿਕਾ ਨਿਭਾਅ ਰਹੇ ਇਮਰਾਨ ਹਾਸ਼ਮੀ ਨੇ ਮੌਜੂਦਾ ਸਿਖਿਆ ਪ੍ਰਬੰਧਾਂ 'ਤੇ ਚੋਟ ਕੀਤੀ ਹੈ।

ਇਮਰਾਨ ਦਾ ਕਹਿਣਾ ਹੈ ਕਿ ਰਸਮੀ ਸਿਖਿਆ ਪ੍ਰਣਾਲੀ ਛੋਟੇ ਬੱਚਿਆਂ ਦੇ ਦਿਮਾਗੀ ਵਿਕਾਸ ਲਈ ਪੂਰਨ ਤੌਰ 'ਤੇ ਸਹੀ ਨਹੀਂ ਤੇ ਉਸ ਦਾ ਮੰਨਣਾ ਹੈ ਕਿ ਇਹੋ ਜਿਹੀ ਸਿਖਿਆ ਸਫਲਤਾ ਦਾ ਆਧਾਰ ਨਹੀਂ ਹੋ ਸਕਦੀ। ਰਸਮੀ ਸਿਖਿਆ ਦੀ ਕੁਆਲਿਟੀ ਬਾਰੇ ਪੁੱਛੇ ਜਾਣ 'ਤੇ ਉਸ ਨੇ ਕਿਹਾ, ''ਮੈਂ ਕੁਝ ਅਜਿਹੇ ਬੇਵਕੂਫਾਂ ਨੂੰ ਜਾਣਦਾ ਹਾਂ ਜਿਨ੍ਹਾਂ ਕੋਲ ਵਧੀਆ ਰਸਮੀ ਸਿਖਿਆ ਹੈ। ਮੈਂ ਕੁਝ ਅਜਿਹੇ ਬੁੱਧੀਮਾਨ ਤੇ ਬਹੁਤ ਸਮਝਦਾਰ ਲੋਕਾਂ ਨੂੰ ਵੀ ਮਿਲਿਆ ਹਾਂ ਜਿਸ ਕੋਲ ਬਿਹਤਰੀਨ ਰਸਮੀ ਸਿਖਿਆ ਜਾਂ ਡਿਗਰੀ ਨਹੀਂ ਹੈ। ਰਸਮੀ ਸਿਖਿਆ ਜ਼ਿੰਦਗੀ 'ਚ ਤੁਹਾਨੂੰ ਸਫਲਤਾ ਦਿਵਾਉਣ ਦਾ ਮਾਪਦੰਡ ਨਹੀਂ ਹੈ।''

# ਉਰਦੂ ਸਿੱਖ ਰਹੀ ਹੈ ਆਲੀਆ ਐੱਫ

ਅਗਲੇ ਸਾਲ ਕਈ ਸਟਾਰ ਕਿੱਡ ਹਿੰਦੀ ਸਿਨੇਮਾ ਵਿੱਚ ਦਸਤਕ ਦੇਣ ਦੀ ਤਿਆਰੀ ਵਿੱਚ ਹਨ। ਉਸ ਲਿਸਟ ਵਿੱਚ ਪੂਜਾ ਬੇਦੀ ਦੀ ਬੇਟੀ ਆਲੀਆ ਐੱਫ ਦਾ ਨਾਂਅ ਵੀ ਸ਼ਾਮਲ ਹੋ ਗਿਆ ਹੈ। ਨਿਤਿਨ ਕੱਕੜ ਦੀ ਪਰਵਾਰਕ ਕਾਮੇਡੀ ਫਿਲਮ 'ਜਵਾਨੀ ਜਾਨੇਮਨ' ਨਾਲ ਆਲੀਆ ਛੇਤੀ ਹੀ ਹਿੰਦੀ ਸਿਨੇਮਾ ਵਿੱਚ ਸ਼ੁਰੂਆਤ ਕਰਨ ਵਾਲੀ ਹੈ। ਉਸ ਵਿੱਚ ਆਲੀਆ ਦੇ ਆਪੋਜ਼ਿਟ ਸੈਫ ਅਲੀ ਖਾਨ ਹੋਣਗੇ। ਫਿਲਮ ਦੀ ਸ਼ੂਟਿੰਗ ਅਗਲੇ ਸਾਲ ਸ਼ੁਰੂ ਹੋਵੇਗੀ।

ਨਵੇਂ ਕਲਾਕਾਰ ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਪੂਰੀ ਤਿਆਰੀ ਕਰਦੇ ਹਨ। ਆਲੀਆ ਵੀ ਉਸ ਤੋਂ ਪਿੱਛੇ ਨਹੀਂ। ਸ਼ੂਟਿੰਗ ਤੋਂ ਪਹਿਲਾਂ ਉਸ ਨੇ ਆਪਣੇ ਕਿਰਦਾਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਫਿਲਮ 'ਚ ਆਲੀਆ ਦਾ ਕਿਰਦਾਰ ਉਰਦੂ ਬੋਲਦਿਆਂ ਨਜ਼ਰ ਆਵੇਗਾ। ਉਸ ਦੇ ਲਈ ਆਲੀਆ ਆਪਣੇ ਉਚਾਰਨ 'ਤੇ ਕੰਮ ਕਰ ਰਹੀ ਹੈ। ਫਿਲਮ ਨਾਲ ਜੁੜੇ ਸੂਤਰਾਂ ਮੁਤਾਬਕ, ਆਲੀਆ ਦੇ ਕਿਰਦਾਰ ਦੀ ਜਾਣਕਾਰੀ ਨੂੰ ਜਨਤਕ ਨਹੀਂ ਕੀਤਾ ਗਿਆ ਹੈ।





# ਮਹਾਭਾਰਤ' ਵਿੱਚ ਕ੍ਰਿਸ਼ਨ ਦਾ ਕਿਰਦਾਰ ਨਿਭਾਏਗਾ ਆਮਿਰ

'ਬਾਲੀਵੁੱਡ ਦੇ ਮਿਸਟਰ ਪ੍ਰਫੈਕਸ਼ਨਿਸਟ ਮਹਾਭਾਰਤ ਵਿੱਚ ਕ੍ਰਿਸ਼ਨ ਦਾ ਕਿਰਦਾਰ ਨਿਭਾਉਂਦੇ ਨਜ਼ਰ ਆ ਸਕਦੇ ਹਨ। ਆਮਿਰ ਖਾਨ ਦੀ ਫਿਲਮ 'ਠੱਗਸ ਆਫ ਹਿੰਦੋਸਤਾਨ' ਹਾਲ ਹੀ ਵਿੱਚ ਰਿਲੀਜ਼ ਹੋਈ ਹੈ।ਚਰਚਾ ਹੈ ਕਿ ਆਮਿਰ ਆਪਣਾ ਡ੍ਰੀਮ ਪ੍ਰੋਜੈਕਟ 'ਮਹਾਭਾਰਤ' ਸ਼ੁਰੂ ਕਰੇਗਾ। ਹਾਲ ਹੀ ਵਿੱਚ ਸ਼ਾਹਰੁਖ ਖਾਨ ਨੇ ਜੋ ਗੱਲ ਕਹੀ ਹੈ, ਉਸ ਤੋਂ ਨਾ ਸਿਰਫ ਇਸ ਦੀ ਪੁਸ਼ਟੀ ਹੁੰਦੀ ਹੈ, ਸਗੋਂ ਇਸ ਫਿਲਮ ਵਿੱਚ ਆਮਿਰ ਦੇ ਕਿਰਦਾਰ ਦਾ ਪਤਾ ਲੱਗਦਾ ਹੈ। ਸ਼ਾਹਰੁਖ ਹਾਲ ਹੀ ਵਿੱਚ ਆਪਣੀ ਫਿਲਮ 'ਜ਼ੀਰੋ' ਦੀ ਪ੍ਰਮੋਸ਼ਨ ਕਰਨ ਇੱਕ ਈਵੈਂਟ ਵਿੱਚ ਗਿਆ ਸੀ, ਜਿੱਥੇ ਇੱਕ ਫੈਨ ਨੇ ਕਿੰਗ ਖਾਨ ਤੋਂ ਉਸ ਦੇ ਡ੍ਰੀਮ ਰੋਲ ਬਾਰੇ ਪੁੱਛਿਆ। ਇਸ 'ਤੇ ਸ਼ਾਹਰੁਖ ਨੇ ਕਿਹਾ ਕਿ ਉਸ ਦੀ ਇੱਛਾ ਹੈ ਕਿ ਉਹ ਇੱਕ ਵਾਰ ਵੱਡੇ ਪਰਦੇ 'ਤੇ ਭਗਵਾਨ ਕ੍ਰਿਸ਼ਨ ਦਾ ਰੋਲ ਕਰੇ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep







Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।




Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।





Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।





Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੂਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)







BEST CANADIAN TRUCK
& FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
**SPECIAL**
Forklift Re-Certification Only $69
Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8



Karnail Singh

ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



